SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.Switchinsurance.ca

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 22* Issue 66 | Tuesday, April 4, 2023 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਇੰਟਰਸੈਕਸ਼ਨ ਦੇ ਐਨ ਵਿਚਕਾਰ ਫਸਣ ਵਾਲੇ ਡਰਾਈਵਰਾਂ ਲਈ ਕੀਤੀ ਜਾ ਰਹੀ ਹੈ ਜੁਰਮਾਨੇ ਵਧਾਉਣ ਦੀ ਤਿਆਰੀ




ਟੋਰਾਂਟੋ, 3 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਵਿੱਚ ਜਿਹੜੇ ਡਰਾਈਵਰ ਰੈੱਡ ਲਾਈਟ ਉੱਤੇ ਇੰਟਰਸੈਕਸ਼ਨ ਦੇ ਐਨ ਵਿਚਕਾਰ ਫਸ ਜਾਂਦੇ ਹਨ ਉਨ੍ਹਾਂ ਉੱਤੇ ਸਖ਼ਤ ਜੁਰਮਾਨੇ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਨੂੰ ਬਲੌਕਿੰਗ ਦ ਬੌਕਸ ਆਖਿਆ ਜਾਂਦਾ ਹੈ ਤੇ ਸਿਟੀ ਅਜਿਹੇ ਡਰਾਈਵਰਾਂ ਉੱਤੇ ਨਕੇਲ ਕੱਸਣ ਦੀ ਤਿਆਰੀ ਕਰ ਰਹੀ ਹੈ। ਸਿਟੀ ਵੱਲੋਂ ਪ੍ਰੋਵਿੰਸ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਤਰ੍ਹਾਂ ਜੇ ਕੋਈ ਵੀ ਡਰਾਈਵਰ ਇੰਟਰਸੈਕਸ਼ਨ ਦੇ ਵਿਚਕਾਰ ਫਸ ਜਾਂਦਾ ਹੈ ਤਾਂ ਉਸ ਉੱਤੇ ਵੱਡਾ ਜੁਰਮਾਨਾ ਲਾਇਆ ਜਾਣਾ ਚਾਹੀਦਾ ਹੈ। ਸਿਟੀ ਕਾਊਂਸਲ ਵੱਲੋਂ ਇਸ ਸਬੰਧ ਵਿੱਚ ਡਿਪਟੀ ਮੇਅਰ ਜੈਨੀਫਰ ਮੈਕੈਲਵੀ ਵੱਲੋਂ ਲਿਆਂਦਾ ਗਿਆ ਮਤਾ ਮਨਜ਼ੂਰ ਕਰ ਲਿਆ ਗਿਆ ਹੈ ਤੇ ਇਸ ਦੇ ਨਾਲ ਹੀ ਸਿਟੀ ਨੇ ਇਸ ਸਬੰਧ ਵਿੱਚ ਫੋਰਡ ਸਰਕਾਰ ਨੂੰ ਸਖ਼ਤ ਜੁਰਮਾਨੇ ਲਾਉਣ ਦੀ ਅਪੀਲ ਵੀ ਕੀਤੀ ਹੈ। ਮੈਕੈਲਵੀ ਨੇ ਇਸ ਦੌਰਾਨ ਆਖਿਆ ਕਿ ਗਲਤ ਡਰਾਈਵਿੰਗ ਵਿਵਹਾਰ ਕਾਰਨ ਹੋਰਨਾਂ ਲੋਕਾਂ ਦਾ ਸਮਾਂ ਤੇ ਪੈਸਾ ਬਰਬਾਦ ਹੁੰਦਾ ਹੈ ਤੇ ਇਹੋ ਜਿਹੀ ਥਾਂ ਉੱਤੇ ਜਾਮ ਵੱਖਰਾ ਲੱਗ ਜਾਂਦਾ ਹੈ।

ਇਸ ਸਮੇਂ ਬਲੌਕਿੰਗ ਦ ਬੌਕਸ ਲਈ 85 ਡਾਲਰ ਜੁਰਮਾਨਾ ਹੈ ਪਰ ਸਿਟੀ ਚਾਹੁੰਦੀ ਹੈ ਕਿ ਇਹ ਜੁਰਮਾਨਾ 450 ਡਾਲਰ ਤੱਕ ਹੋਵੇ। ਜੇ ਕੋਈ ਕਮਿਊਨਿਟੀ ਸੇਫ ਜ਼ੋਨ ਵਿੱਚ ਬਲੌਕਿੰਗ ਦ ਬੌਕਸ ਵਿੱਚ ਫਸ ਜਾਂਦਾ ਹੈ ਤਾਂ ਸਿਟੀ ਇਸ ਲਈ ਹੁਣ ਲਾਏ ਜਾਣ ਵਾਲੇ 125 ਡਾਲਰ ਦੇ ਜੁਰਮਾਨੇ ਦੀ ਥਾਂ 500 ਡਾਲਰ ਜੁਰਮਾਨਾ ਕਰਨਾ ਚਾਹੁੰਦੀ ਹੈ। ਸਿਟੀ ਵੱਲੋਂ ਟਰਾਂਸਪੋਰਟੇਸ਼ਨ ਸਰਵਿਸਿਜ਼ ਦੇ ਜਨਰਲ ਮੈਨੇਜਰ ਨੂੰ ਜੁਰਮਾਨਿਆਂ ਦੀ ਥਾਂ ਹੋਰ ਹੱਲ ਲੱਭਣ ਲਈ ਵੀ ਆਖਿਆ ਗਿਆ ਹੈ।

## ਸਿੱਖਾਂ ਵੱਲੋਂ ਪਾਏ ਲਾਸਾਨੀ ਯੋਗਦਾਨ ਤੋਂ ਸੇਧ ਲੈਣ ਦਾ ਸਮਾਂ ਆ ਗਿਆ ਹੈ : ਪੌਲੀਏਵਰ



ਓਟਵਾ, 3 ਅਪਰੈਲ (ਪੋਸਟ ਬਿਊਰੋ) : ਸਿੱਖ ਹੈਰੀਟੇਜ ਮੰਥ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਆਗੂ ਤੇ ਵਿਰੋਧੀ ਧਿਰ ਦੇ ਲੀਡਰ ਪਿਏਰ ਪੌਲੀਏਵਰ ਨੇ ਆਖਿਆ ਕਿ ਸਾਡੇ ਦੇਸ਼ ਲਈ ਸਿੱਖ ਭਾਈਚਾਰੇ ਵੱਲੋਂ ਜਿਹੜਾ ਅਦੁੱਤੀ ਯੋਗਦਾਨ ਪਾਇਆ ਗਿਆ ਹੈ ਉਸ ਦੀ ਪਛਾਣ ਕਰਨ ਤੇ ਉਸ ਤੋਂ ਸੇਧ ਲੈਣ ਦਾ ਸਮਾਂ ਆ ਗਿਆ ਹੈ।

ਜ਼ਿਕਰਯੋਗ ਹੈ ਕਿ ਹਰ ਸਾਲ ਅਪਰੈਲ ਦੇ ਮਹੀਨੇ ਨੂੰ ਕੈਨੇਡਾ ਵਿੱਚ ਸਿੱਖ ਹੈਰੀਟੇਜ ਮੰਥ ਵਜੋਂ ਮਨਾਇਆ ਜਾਂਦਾ ਹੈ।

ਉਨ੍ਹਾਂ ਆਖਿਆ ਕਿ 20ਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਿੱਖ ਕੈਨੇਡਾ ਆਉਣ ਲੱਗ ਗਏ ਸਨ ਤੇ ਆਪਣੇ ਨਾਲ ਉਹ ਆਪਣੇ ਇਤਿਹਾਸ, ਸੱਭਿਆਚਾਰ ਤੇ ਰਵਾਇਤਾਂ ਦਾ ਸਰਮਾਇਆ ਵੀ ਲੈ ਕੇ ਆਏ। ਇਸ ਨਾਲ ਸਾਡੀ ਜ਼ਮੀਨ ਵੀ ਸਰਸ਼ਾਰ ਹੋ ਗਈ ਤੇ ਵੰਨ-ਸੁਵੰਨਤਾ ਨੂੰ ਅਸੀਂ ਖੁੱਲ੍ਹ ਕੇ ਅਪਨਾਉਣ ਲੱਗ ਪਏ ਤੇ ਅਸੀਂ ਹੋਰਨਾਂ ਲਈ ਵੀ ਆਪਣੀਆਂ ਬਾਹਾਂ ਖੋਲ੍ਹ ਦਿੱਤੀਆਂ। ਪਿਏਰ ਨੇ ਆਖਿਆ ਕਿ ਪੰਜ ਦਰਿਆਵਾਂ ਦੀ ਧਰਤੀ ਨੂੰ ਛੱਡ ਕੇ ਆਏ ਸਿੱਖਾਂ ਨੇ ਨਾ ਸਿਰਫ ਆਪਣੇ ਲਈ ਸਗੋਂ ਆਪਣੇ ਬੱਚਿਆਂ ਤੇ ਹੋਰਨਾਂ ਲਈ ਵੀ ਨਵੀਆਂ ਜ਼ਿੰਦਗੀਆਂ ਦੇ ਰਾਹ ਖੋਲ੍ਹੇ। ਆਪਣੇ ਨਾਲ ਸਿੱਖ ਆਪਣੀਆਂ ਕਦਰਾਂ ਕੀਮਤਾਂ, ਪਿਆਰ, ਰਹਿਮ, ਚੈਰਿਟੀ ਤੇ ਵਫਾਦਾਰੀ ਵਰਗੇ ਗੁਣ ਵੀ ਲੈ ਕੇ ਆਏ। ਬਹੁਤ ਸਾਰੇ ਸਿੱਖ ਆਪਣੇ ਨਾਲ ਬਹੁਤ ਘੱਟ ਪੈਸੇ ਤੇ ਆਪਣੀ ਸੰਪਤੀ ਦੇ ਨਾਂ ਉੱਤੇ ਕੁੱਝ ਕੁ ਗਿਣਵੀਆਂ ...ਬਾਕੀ ਸਫਾ 2 'ਤੇ

## ਕੈਟਾਲਿਟਿਕ ਕਨਵਰਟਰ ਚੋਰੀ ਕਰਨ ਵਾਲੇ 2 ਮਸ਼ਕੂਕ ਗ੍ਰਿਫਤਾਰ, 1 ਫਰਾਰ



ਮਿਸੀਸਾਗਾ, 3 ਅਪਰੈਲ (ਪੋਸਟ ਬਿਊਰੋ) : ਪਿਛਲੇ ਮਹੀਨੇ ਮਿਸੀਸਾਗਾ ਵਿੱਚ ਕਈ ਗੱਡੀਆਂ ਵਿੱਚੋਂ ਕੈਟਾਲਿਟਿਕ ਕਨਵਰਟਰਜ਼ ਚੋਰੀ ਹੋਣ ਦੇ ਮਾਮਲੇ ਦੇ ਸਬੰਧ ਵਿੱਚ ਪੀਲ ਰੀਜਨਲ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਤੀਜੇ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ 25 ਮਾਰਚ, 2023 ਨੂੰ ਰਾਤੀਂ 2:00 ਵਜੇ ਦੇ ਨੇੜੇ ਤੇੜੇ ਟੌਮਕਨ ਤੇ ਕਾਮਾਤੋਰੋਡਜ਼ ਇਲਾਕੇ ਵਿੱਚ ਕਈ ਕੈਟਾਲਿਟਿਕ ਕਨਵਰਟਰਜ਼ ਚੋਰੀ ਕਰ ਰਹੇ ਇਨ੍ਹਾਂ ਮਸ਼ਕੂਕਾਂ ਦੀਆਂ ਤਸਵੀਰਾਂ ਸਕਿਊਰਿਟੀ ਕੈਮਰਿਆਂ ਵਿੱਚ ਆ ਗਈਆਂ। ਇੱਕ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਵਰਦੀਧਾਰੀ ਪੁਲਿਸ ਅਧਿਕਾਰੀਆਂ ਤੇ 12ਵੀਂ ਡਵੀਜ਼ਨ ਦੇ ਜਾਂਚਕਾਰਾਂ ਨੇ ਮੌਕੇ ਤੋਂ ਆਪਣੀ ਗੱਡੀ ਵਿੱਚ ਫਰਾਰ ਹੁੰਦੇ ਇਨ੍ਹਾਂ ਮਸ਼ਕੂਕਾਂ ਨੂੰ ਵੇਖ ਲਿਆ ਤੇ ਕੁੱਝ ਦੇਰ ਬਾਅਦ ਹੀ ਕੁੱਝ ਦੂਰੀ ਤੋਂ ਸੂਹੀਆਂ ਕੁੱਤਿਆਂ ਦੀ ਮਦਦ ਨਾਲ ...ਬਾਕੀ ਸਫਾ 2 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416-556-6884

## ਐਲੇਵੇਟਰ ਦੀ ਸ਼ਾਫਟ ਵਿੱਚ ਫਸਣ ਕਾਰਨ ਇੱਕ ਵਿਅਕਤੀ ਜ਼ਖ਼ਮੀ




ਟੋਰਾਂਟੋ, 3 ਅਪਰੈਲ (ਪੋਸਟ ਬਿਊਰੋ) : ਡਾਊਨਟਾਊਨ ਕੰਸਟ੍ਰਕਸ਼ਨ ਸਾਈਟ ਉੱਤੇ ਐਲੇਵੇਟਰ ਸ਼ਾਫਟ ਵਿੱਚ ਫਸ ਜਾਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਤੇ ਟੋਰਾਂਟੋ ਫਾਇਰ ਦੇ ਅਧਿਕਾਰੀਆਂ ਨੂੰ ਸੋਮਵਾਰ ਨੂੰ ਦੁਪਹਿਰੇ 3:00 ਵਜੇ ਲੋਅਰ ਸ਼ੇਰਬਰਨ ਸਟਰੀਟ ਤੇ ਦ ਐਸਪਲਾਂਦੇ ਉੱਤੇ ਇੰਡਸਟਰੀਅਲ ਐਕਸੀਡੈਂਟ ਦੀਆਂ ਖਬਰਾਂ ਦੇ ਕੇ ਸੱਦਿਆ ਗਿਆ। ਦੱਸਿਆ ਗਿਆ ਕਿ ਇੱਕ ਵਰਕਰ ਟਨਲ ਦੇ ਅੰਦਰ ਫਸ ਗਿਆ ਹੈ। ਪੁਲਿਸ ਨੇ ਦੱਸਿਆ ਕਿ ਕੁੱਝ ਸਮੇਂ ਬਾਅਦ ਇਸ ਵਰਕਰ ਨੂੰ ਉੱਥੋਂ ਕੱਢ ਲਿਆ ਗਿਆ ਤੇ ਹਸਪਤਾਲ ਲਿਜਾਇਆ ਗਿਆ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਇੱਕ 36 ਸਾਲਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਹੈ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਟੋਰਾਂਟੋ ਫਾਇਰ ਸਰਵਿਸਿਜ਼ ਦਾ ਕਹਿਣਾ ਹੈ ਕਿ ਵਰਕਰ ਐਲੇਵੇਟਰ ਦੀ ਸ਼ਾਫਟ ਵਿੱਚ ਫਸ ਗਿਆ ਸੀ। ਲੇਬਰ ਮੰਤਰਾਲੇ ਵੱਲੋਂ ਵੀ ਮੌਕੇ ਦਾ ਮੁਆਇਨਾ ਕੀਤਾ ਗਿਆ। ਜਾਂਚ ਲਈ ਕੁੱਝ ਸਮੇਂ ਵਾਸਤੇ ਇੱਥੇ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

ON TIME HEATING COOLING & REFRIGERATION
ac - furnance - heat pump - boilers - gasline - walk in cooler - water heater
Fully licensed team and govt. rebate upto $8,000
SAURAVDEEP SINGH: 226-332-4040

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

OURR HOME & APPLIANCES
Colour options available
$1699*
Upgrade to $299
$299
$399
$2999*
$4499*
Spring SALE with fresh deals
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਟੋਰਾਂਟੋ ਦੇ ਮੇਅਰ ਦੇ ਅਹੁਦੇ ਲਈ ਅੱਜ ਤੋਂ ਨਾਮਜ਼ਦਗੀਆਂ ਭਰਨਗੇ ਉਮੀਦਵਾਰ

ਟੋਰਾਂਟੋ, 3 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਦੀ ਦੌੜ ਵਿੱਚ ਖੜ੍ਹੇ ਹੋਣ ਦਾ ਐਲਾਨ ਕਰ ਚੁੱਕੇ ਉਮੀਦਵਾਰ ਸੋਮਵਾਰ ਤੋਂ ਰਸਮੀ ਤੌਰ ਉੱਤੇ ਮੇਅਰ ਦੀ ਮੁਹਿੰਮ ਦੀ ਸ਼ੁਰੂਆਤ ਕਰ ਸਕਣਗੇ।

ਸਿਟੀ ਹਾਲ ਵਿੱਚ ਸੋਮਵਾਰ ਦਾ ਦਿਨ ਕਾਫੀ ਰੁਝੇਵਿਆਂ ਭਰਿਆ ਰਹਿਣ ਵਾਲਾ ਹੈ। ਮੇਅਰ ਦੇ ਅਹੁਦੇ ਲਈ ਖੜ੍ਹੇ ਹੋਣ ਵਾਲੇ ਉਮੀਦਵਾਰ ਹੁਣ ਜਲਦੀ ਤੋਂ ਜਲਦੀ ਇਸ ਸਬੰਧ ਵਿੱਚ ਕਾਗਜ਼ਾਤ ਜਮ੍ਹਾਂ ਕਰਵਾ ਕੇ ਇਸ ਨੂੰ ਰਸਮੀ ਤੌਰ ਉੱਤੇ ਕਾਰਗਰ ਬਣਾਉਣਾ ਚਾਹੁੰਦੇ ਹਨ। ਮੇਅਰ ਦੇ ਅਹੁਦੇ ਲਈ ਜ਼ਿਮਨੀ ਚੋਣ ਵਾਸਤੇ ਨਾਮਜ਼ਦਗੀਆਂ ਦਾਖਲ ਕਰਨ ਦਾ ਕੰਮ ਸਵੇਰੇ 8:30 ਵਜੇ ਤੋਂ ਸ਼ੁਰੂ ਹੋ ਜਾਵੇਗਾ। ਸਾਬਕਾ ਕਾਊਂਸਲਰ ਐਨਾ ਬਾਇਲਾਓ ਦਾ ਕਹਿਣਾ ਹੈ ਕਿ ਉਹ ਉਮੀਦਵਾਰ ਵਜੋਂ ਸਵੇਰੇ 8:30 ਵਜੇ ਆਪਣਾ ਨਾਂ ਰਜਿਸਟਰ ਕਰਾਵੇਗੀ।



ਬਾਇਲਾਓ ਦੇ ਨਾਲ ਚੋਣ ਮੈਦਾਨ ਵਿੱਚ ਟੋਰਾਂਟੋ ਦੇ ਸਾਬਕਾ ਪੁਲਿਸ ਚੀਫ ਮਾਰਕ ਸਾਂਡਰਸ ਵੀ ਆਪਣੀ ਨਾਮਜ਼ਦਗੀ ਦਾਖਲ ਕਰਨਗੇ।ਕਾਊਂਸਲਰ ਬ੍ਰੈਡ ਬ੍ਰੈਡਫੋਰਡ ਨੇ ਆਖਿਆ ਕਿ ਉਹ ਸਵੇਰੇ ਤੜ੍ਹਕੇ ਹੀ ਸਿਟੀ ਹਾਲ ਪਹੁੰਚ ਜਾਣਗੇ ਤੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨਗੇ। ਕਾਊਂਸਲਰ ਜੋਸ਼ ਮੈਟਲੋਅ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਨਾਮਜ਼ਦਗੀ ਕਾਗਜ਼ ਦਾਖਲ ਕਰਨ ਲਈ ਸਵੇਰੇ 9:30 ਵਜੇ ਦੀ ਅਪੁਆਇੰਟਮੈਂਟ ਮਿਲੀ ਹੈ। ਓਨਟਾਰੀਓ ਦੀ ਲਿਬਰਲ ਐਮਪੀਪੀ ਮਿਤਜ਼ੀ ਹੰਟਰ ਨੇ ਪਹਿਲਾਂ ਸੋਮਵਾਰ ਨੂੰ ਉਮੀਦਵਾਰ ਵਜੋਂ ਖੁਦ ਨੂੰ ਰਜਿਸਟਰ ਕਰਵਾਉਣ ਦੀ ਆਪਣੀ ਮੰਸ਼ਾਂ ਦਾ ਐਲਾਨ ਕੀਤਾ ਸੀ ਪਰ ਬਾਅਦ ਵਿੱਚ ਉਨ੍ਹਾਂ ਆਖਿਆ ਕਿ ਇਸ ਪ੍ਰੋਕਿਰਿਆ ਦੌਰਾਨ ਉਹ ਪਹਿਲਾਂ ਪ੍ਰੋਵਿੰਸ਼ੀਅਲ ਵਿਧਾਨਸਭਾ ਦੀ ਆਪਣੀ ਸੀਟ ਤੋਂ ਅਸਤੀਫਾ ਦੇਣਾ ਚਾਹੁੰਦੀ ਹੈ।

ਅੰਦਾਜ਼ਨ ਛੇ ਹਫਤੇ ਪਹਿਲਾਂ ਸਾਬਕਾ ਮੇਅਰ ਜੌਹਨ ਟੋਰੀ ਵੱਲੋਂ ਅਚਾਨਕ ਆਪਣੇ ਅਹੁਦੇ ਤੋਂ ਅਤਸੀਫਾ ਦੇਣ ਤੋਂ ਬਾਅਦ ਪਿਛਲੇ ਹਫਤੇ ਬੁੱਧਵਾਰ ਨੂੰ ਸਿਟੀ ਕਾਊਂਸਲ ਨੇ ਰਸਮੀ ਤੌਰ ਉੱਤੇ ਮੇਅਰ ਦੇ ਅਹੁਦੇ ਨੂੰ ਖਾਲੀ ਐਲਾਨ ਦਿੱਤਾ ਸੀ। 12 ਮਈ ਨੂੰ ਮੇਅਰ ਦੇ ਅਹੁਦੇ ਲਈ ਨਾਮਜ਼ਦਗੀਆਂ ਬੰਦ ਕਰ ਦਿੱਤੀਆਂ ਜਾਣਗੀਆਂ। ਐਡਵਾਂਸ ਪੋਲ 8 ਤੋਂ 13 ਜੂਨ ਨੂੰ ਕਰਵਾਈਆਂ ਜਾਣਗੀਆਂ ਤੇ ਜ਼ਿਮਨੀ ਚੋਣਾਂ 26 ਜੂਨ ਨੂੰ ਹੋਣੀਆਂ ਤੈਅ ਹੋਈਆਂ ਹਨ।

## ਅੱਜ ਨਾਮਾ

ਕਿਡਨੀ ਕਾਂਡ ਪੰਜਾਬ ਵਿੱਚ ਫੇਰ ਸੁਣਿਆ,
ਠੱਗੀਆਂ ਕਰਨ ਤੋਂ ਠੱਗ ਨਹੀਂ ਹਟੇ ਬੇਲੀ।
ਕਮਾਈਆਂ ਕਰਨ ਦੇ ਪੱਕੇ ਜਿਹੇ ਫਾਰਮੂਲੇ,
ਪੀੜ੍ਹੀਓ-ਪੀੜ੍ਹੀ ਆ ਠੱਗਾਂ ਸਭ ਰਟੇ ਬੇਲੀ।
ਘਟਦੇ ਜਿੱਦਾਂ ਨਹੀਂ ਹੋਰ ਕਈ ਪਾਪ ਹੁੰਦੇ,
ਇਹ ਵੀ ਕੇਸ ਨਹੀਂ ਓਦਾਂ ਹੀ ਘਟੇ ਬੇਲੀ।
ਬੰਦਾ ਮਰ ਗਿਆ ਤੇ ਮਰ ਜਾਏ ਲੱਖ ਵਾਰੀ,
ਕਮਾਈ ਵੰਡਣ ਨੂੰ ਕਰਨ ਇਹ ਬਟੇ ਬੇਲੀ।
ਫਸ ਜਾਣ ਪਹਿਲੇ ਤਾਂ ਹੋਰ ਹਨ ਉੱਠ ਪੈਂਦੇ,
ਰੁਕਦੀ ਕਿਡਨੀਆਂ ਦੀ ਨਹੀਂ ਹੈ ਸੇਲ ਬੇਲੀ।
ਮੱਛੀ ਵਾਂਗਰ ਕਈ ਤਿਲਕਦੇ ਨਿਕਲ ਜਾਂਦੇ,
ਮਿਲ ਜਾਏ ਦੂਜਿਆਂ ਨੂੰ ਆਖਰ ਬੇਲ ਬੇਲੀ।

**ਤੀਸ ਮਾਰ ਖਾਂ**

# ਸਿੱਖਾਂ ਵੱਲੋਂ ਪਾਏ ਲਾਸਾਨੀ ਯੋਗਦਾਨ ਤੋਂ ਸੇਧ ਲੈਣ ਦਾ ਸਮਾਂ ਆ ਗਿਆ ਹੈ : ਪੌਲੀਏਵਰ

ਸਫਾ 1 ਦਾ ਬਾਕੀ

ਚੁਣਵੀਆਂ ਚੀਜ਼ਾਂ ਹੀ ਲਿਆ ਸਕੇ। ਪਰ ਇੱਥੇ ਆ ਕੇ ਸਿੱਖਾਂ ਨੇ ਜਿਨ੍ਹਾਂ ਜਿਨ੍ਹਾਂ ਕਦਰਾਂ ਕੀਮਤਾਂ ਦਾ ਨਿਰਮਾਣ ਕੀਤਾ ਉਹ ਆਉਣ ਵਾਲੀਆਂ ਕਈ ਨਸਲਾਂ ਤੱਕ ਮਿਟ ਨਹੀਂ ਸਕਣਗੀਆਂ ਤੇ ਸਿੱਖਾਂ ਦੀਆਂ ਆਉਣ ਵਾਲੀਆਂ ਕਈ ਪੀੜ੍ਹੀਆਂ ਲਈ ਮਿਸਾਲ ਬਣਨਗੀਆਂ।

ਅੱਜ 800,000 ਸਿੱਖ ਕੈਨੇਡਾ ਨੂੰ ਆਪਣਾ ਘਰ ਦੱਸਦੇ ਹਨ ਤੇ ਸਾਡੇ ਦੇਸ਼ ਨੂੰ ਮਾਣ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਨਾਲੋਂ ਸਾਡੇ ਕੋਲ ਐਨੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਹੈ। ਸਾਡੇ ਦੇਸ਼ ਦੇ ਹਰ ਸੈਕਟਰ ਤੇ ਇੰਡਸਟਰੀ ਵਿੱਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ ਤੇ ਸਾਡੇ ਦੇਸ਼ ਦੇ ਵਿਕਾਸ ਵਿੱਚ ਵੀ ਸਿੱਖਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪਿਛਲੇ 120 ਸਾਲਾਂ ਤੋਂ ਉਨ੍ਹਾਂ ਦੇ ਗੁਰਦੁਆਰੇ ਕਮਿਊਨਿਟੀਜ਼ ਲਈ ਚਾਨਣ ਮੁਨਾਰੇ ਬਣੇ ਹੋਏ ਹਨ, ਜਿੱਥੇ ਲੋੜਵੰਦਾਂ ਦੀ ਮਦਦ ਹਮੇਸ਼ਾਂ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਨਵੀਂ ਆਸ ਦੀ ਕਿਰਨ ਵਿਖਾਈ ਜਾਂਦੀ ਹੈ।

ਪਿਏਰ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਪੱਖ ਉੱਤੇ ਉਹ ਇਸ ਮਹੀਨੇ ਮਨਾਏ ਜਾਣ ਵਾਲੇ ਵਿਸਾਖੀ ਦੇ ਜਸ਼ਨਾਂ ਲਈ ਸਾਰੇ ਸਿੱਖ ਭਾਈਚਾਰੇ ਨੂੰ ਅਗਾਊਂ ਮੁਬਾਰਕਬਾਦ ਦਿੰਦੇ ਹਨ ਤੇ ਦੇਸ਼ ਲਈ ਪਾਏ ਗਏ ਲਾਸਾਨੀ ਯੋਗਦਾਨ ਵਾਸਤੇ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸਾਰੇ ਕੈਨੇਡੀਅਨਜ਼ ਨੂੰ ਹੱਲਾਸ਼ੇਰੀ ਦਿੰਦੇ ਹਨ ਕਿ ਉਹ ਸਿੱਖਾਂ ਦੇ ਕਮਾਲ ਦੇ ਇਤਿਹਾਸ ਤੇ ਸਿੱਖਾਂ ਦੇ ਵਿਰਸੇ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਸਮਾਂ ਜ਼ਰੂਰ ਕੱਢਣ।

# ਅੱਜ ਤੋਂ ਟੀਟੀਸੀ ਦੇ ਕਿਰਾਇਆਂ ਵਿੱਚ ਹੋਵੇਗਾ ਵਾਧਾ

ਓਨਟਾਰੀਓ, 3 ਅਪਰੈਲ (ਪੋਸਟ ਬਿਊਰੋ) : ਸੋਮਵਾਰ ਤੋਂ ਸ਼ੁਰੂ ਕਰਕੇ ਟੀਟੀਸੀ ਦੇ ਕਿਰਾਇਆਂ ਵਿੱਚ ਵਾਧਾ ਹੋਣ ਜਾ ਰਿਹਾ ਹੈ।



ਇਸ ਸਾਲ ਦੇ ਸ਼ੁਰੂ ਵਿੱਚ ਸਿਟੀ ਕਾਊਂਸਲ ਵੱਲੋਂ ਪਾਸ ਕੀਤੇ ਗਏ ਟਰਾਂਜ਼ਿਟ ਸਿਸਟਮ ਦੇ 2·4 ਬਿਲੀਅਨ ਡਾਲਰ ਦੇ ਬਜਟ ਤਹਿਤ ਕੈਸ਼ ਭਾੜੇ ਤੇ ਇੱਕ ਰਾਈਡ ਵਾਲੀਆਂ ਪ੍ਰੈਸਟੋ ਟਿਕਟਸ ਵਿੱਚ 10 ਸੈਂਟਸ ਦਾ ਵਾਧਾ ਹੋਵੇਗਾ ਤੇ ਉਹ 3·35 ਡਾਲਰ ਹੋ ਜਾਣਗੀਆਂ। ਇਸ ਭਾੜੇ ਵਿੱਚ ਵਾਧੇ ਦੇ ਨਾਲ ਨਾਲ ਫੇਅਰ ਪਾਸ ਟਰਾਂਜ਼ਿਟ ਡਿਸਕਾਊਂਟ ਪ੍ਰੋਗਰਾਮ ਲਈ ਯੋਗਤਾ ਤੇ ਭਾੜੇ ਵਿੱਚ ਵਾਧੇ ਵਿੱਚ 50,000 ਲੋਕਾਂ ਤੱਕ ਪਸਾਰ ਹੋਵੇਗਾ ਜਦਕਿ ਮੰਥਲੀ ਪਾਸ ਦੀ ਵਰਤੋਂ ਕਰਨ ਵਾਲਿਆਂ ਤੇ ਸੀਨੀਅਰਜ਼ ਲਈ ਭਾੜੇ 2023 ਵਿੱਚ ਕੋਈ ਵਾਧਾ ਨਹੀਂ ਹੋਵੇਗਾ।

ਇੱਥੇ ਦਿੱਤੇ ਗਏ ਟੀਟੀਸੀ ਦੇ ਟੇਬਲ ਅਨੁਸਾਰ ਭਾੜਿਆਂ ਵਿੱਚ 3 ਅਪਰੈਲ, 2023 ਤੋਂ ਵਾਧਾ ਹੋਵੇਗਾ।

ਇਸ ਦੌਰਾਨ ਟੀਟੀਸੀ ਰਾਈਡਰਜ਼ ਦੀ ਪੈਰਵੀ ਕਰਨ ਵਾਲੇ ਗਰੁੱਪ ਨੇ ਭਾੜਿਆਂ ਵਿੱਚ ਇਸ ਵਾਧੇ ਨੂੰ ਬਹੁਤ ਜ਼ਾਲਮਾਨਾ ਫੈਸਲਾ ਦੱਸਿਆ। ਉਨ੍ਹਾਂ ਆਖਿਆ ਕਿ ਇਸ ਨਾਲ ਸਿਟੀ ਦੇ ਘੱਟ ਆਮਦਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਕੈਟਾਲਿਟਿਕ ਕਨਵਰਟਰ ਚੋਰੀ ਕਰਨ ਵਾਲੇ 2 ਮਸ਼ਕੂਕ ਗ੍ਰਿਫਤਾਰ, 1 ਫਰਾਰ

ਸਫਾ 1 ਦਾ ਬਾਕੀ

ਇਨ੍ਹਾਂ ਨੂੰ ਲੋਕੇਟ ਕਰ ਲਿਆ ਗਿਆ। ਇਸ ਦੌਰਾਨ ਦੋ ਮਸ਼ਕੂਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਚੋਰੀ ਕੀਤੀ ਗਈ ਪ੍ਰਾਪਰਟੀ ਵੀ ਇਨ੍ਹਾਂ ਕੋਲੋਂ ਬਰਾਮਦ ਹੋ ਗਈ।

ਇਨਿਸਫਿਲ ਦੇ 25 ਸਾਲਾ ਐਮੇਰਿਕ ਲੌਂਗ-ਲਾਲੌਂਦੇ ਤੇ ਕਿਊਬਿਕ ਦੇ 24 ਸਾਲਾ ਸੈਮੂਅਲ ਪੈਲੇਤੀਅਰ ਨੂੰ ਚੋਰੀ ਦੇ ਕਈ ਮਾਮਲਿਆਂ ਤੇ ਸ਼ਰਾਰਤ ਦੇ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਇਸ ਦੌਰਾਨ ਮਿਸੀਸਾਗਾ ਦੇ 25 ਸਾਲਾ ਚਾਰਲਸ ਸੇਵੌਏ ਟੈਸੀਅਰ, ਜੋ ਕਿ ਤੀਜਾ ਮਸ਼ਕੂਕ ਹੈ ਤੇ ਫਰਾਰ ਹੈ, ਦੀ ਗ੍ਰਿਫਤਾਰੀ ਲਈ ਵਾਰੰਟ ਵੀ ਜਾਰੀ ਕੀਤੇ ਗਏ ਹਨ।

ਜ਼ਿਕਰਯੋਗ ਹੈ ਕਿ ਕੈਟਾਲਿਟਿਕ ਕਨਵਰਟਰਜ਼ ਗੱਡੀਆਂ ਦੇ ਬਾਟਮ ਉੱਤੇ ਮੌਜੂਦ ਹੁੰਦੇ ਹਨ ਤੇ ਇਹ ਪੌਲਿਊਟੈਂਟਸ ਨੂੰ ਘੱਟ ਨੁਕਸਾਨਦੇਹ ਰਿਸਾਅ ਵਿੱਚ ਤਬਦੀਲ ਕਰ ਦਿੰਦੇ ਹਨ। ਪੁਲਿਸ ਨੇ ਦੱਸਿਆ ਕਿ ਚੋਰ ਇਨ੍ਹਾਂ ਨੂੰ ਇਸ ਲਈ ਨਿਸ਼ਾਨਾ ਬਣਾਉਂਦੇ ਹਨ ਕਿਉਂਕਿ ਇਨ੍ਹਾਂ ਵਿੱਚ ਕੀਮਤੀ, ਸੋਨੇ ਤੋਂ ਵੀ ਮਹਿੰਗਾ, ਮੈਟਲ ਹੁੰਦਾ ਹੈ ਜਿਸ ਨੂੰ ਮਹਿੰਗੇ ਮੁੱਲ ਵੇਚਿਆ ਜਾ ਸਕਦਾ ਹੈ।






















# ਆਪਣੇ ਬੱਚੇ ਦੀ ਵਿਸ਼ੇਸ਼ ਪ੍ਰਤਿਭਾ ਨੂੰ ਵਧਾਉਣ ਵਿੱਚ ਮਦਦ ਕਰਨਾ



ਹਰ ਕਿਸੇ ਵਿੱਚ ਕੋਈ ਨਾ ਕੋਈ ਪ੍ਰਤਿਭਾ ਹੁੰਦੀ ਹੈ। ਕੋਈ ਵੀ ਹਰ ਚੀਜ਼ ਵਿੱਚ ਮਾਹਰ ਨਹੀਂ ਹੁੰਦਾ, ਪਰ ਹਰ ਕੋਈ ਕਿਸੇ ਨਾ ਕਿਸੇ ਚੀਜ਼ ਵਿੱਚ ਚੰਗਾ ਹੁੰਦਾ ਹੈ ਅਤੇ ਉਹ ਆਪਣੇ ਤੋਹਫ਼ਿਆਂ ਅਤੇ ਪ੍ਰਤਿਭਾਵਾਂ ਵਿੱਚ ਸੁਧਾਰ ਕਰ ਸਕਦਾ ਹੈ। ਨੌਜਵਾਨਾਂ ਨੂੰ ਖਾਸ ਤੌਰ 'ਤੇ ਕੁਝ ਕਰਨ ਦੀ ਲੋੜ ਹੁੰਦੀ ਹੈ। ਸਫਲ ਲੋਕ ਨਸ਼ਿਆਂ ਜਾਂ ਅਲਕੋਹਲ ਦੀ ਵਰਤੋਂ ਕਰਨ ਜਾਂ ਹੋਰ ਨਕਾਰਾਤਮਕ ਵਿਵਹਾਰ ਦਿਖਾਉਣ ਜਾਂ ਅਰਥਪੂਰਨ ਮਹਿਸੂਸ ਕਰਨ ਦੀ ਘੱਟ ਸੰਭਾਵਨਾ ਰੱਖਦੇ ਹਨ। ਪ੍ਰਤਿਭਾ ਵਿੱਚ ਕੁਝ ਸਪੱਸ਼ਟ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਚੰਗੇ ਗ੍ਰੇਡ ਪ੍ਰਾਪਤ ਕਰਨਾ, ਸੰਗੀਤ ਦੇ ਹੁਨਰ ਪ੍ਰਾਪਤ ਕਰਨਾ ਜਾਂ ਇੱਕ ਵਧੀਆ ਐਥਲੀਟ ਬਣਨਾ। ਹਾਲਾਂਕਿ ਨਿਰੰਤਰ ਰਹਿਣਾ, ਚੰਗਾ ਸੁਣਨ ਵਾਲਾ, ਜਾਂ ਸੁਹ-ਾਵਣਾ ਹੋਣਾ ਵੀ ਪ੍ਰਤਿਭਾ ਹੈ। ਮਾਤਾ-ਪਿਤਾ, ਚਾਚੇ, ਮਾਸੀ, ਦਾਦਾ-ਦਾਦੀ, ਅਤੇ ਅਧਿਆਪਕਾਂ ਨੂੰ ਪ੍ਰਤਿਭਾ ਸਕਾਊਟਸ ਦੀ ਭੂਮਿਕਾ ਨਿਭਾਉਣ ਅਤੇ ਘੱਟ ਸਪੱਸ਼ਟ ਤੋਹਫ਼ਿਆਂ ਦੀ ਪਾਲਣਾ ਕਰਨ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਕਾਬਲੀਅਤਾਂ ਨੂੰ ਦੇਖਣ ਅਤੇ ਕਦਰ ਕਰਨ ਵਿੱਚ ਮਦਦ ਕਰਨ ਦੀ ਲੋੜ ਹੈ। ਨੌਜਵਾਨ ਉਹਨਾਂ ਚੀਜ਼ਾਂ ਤੋਂ ਸਵੈ-ਮਾਣ ਦੀ ਅਸਲ ਭਾਵਨਾ ਪੈਦਾ ਕਰਦੇ ਹਨ ਜੋ ਉਹਨਾਂ ਨੂੰ ਪ੍ਰਾਪਤ ਹੁੰਦੀਆਂ ਹਨ ਨਾ ਕਿ ਉਹਨਾਂ ਦੁਆਰਾ ਪ੍ਰਦਾਨ ਕੀਤੀਆਂ ਚੀਜ਼ਾਂ ਤੋਂ। ਉਹਨਾਂ ਦੀ ਪ੍ਰਤਿਭਾ ਨੂੰ ਵਿਕਸਤ ਕਰਨ ਵਿੱਚ ਉਹਨਾਂ ਦੀ ਮਦਦ ਕਰੋ ਅਤੇ ਉਹਨਾਂ ਪ੍ਰਤਿਭਾਵਾਂ ਦੀ ਵਰਤੋਂ ਕਰਕੇ ਉਹਨਾਂ ਨੂੰ ਦੂਜਿਆਂ ਦੇ ਭਲੇ ਵਿੱਚ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕਰੋ ਅਤੇ ਉਹਨਾਂ ਦਾ ਸਵੈ-ਮਾਣ ਪੈਦਾ ਕਰੋ। ਇਹ ਸਮਾਜ ਲਈ ਹਰ ਸਮੇਂ ਯੋਗਦਾਨ ਪਾਉਣ ਵਾਲੇ ਹੋਣ ਦੀ ਨੀਂਹ ਵੀ ਰੱਖਦਾ ਹੈ। ਵਿਸ਼ੇਸ਼ ਪ੍ਰਤਿਭਾ ਨੂੰ "ਕਿਸੇ ਦੀਆਂ ਰੁਚੀਆਂ, ਕਦਰਾਂ-ਕੀਮਤਾਂ, ਯੋਗਤਾਵਾਂ ਅਤੇ ਸੰਦਰਭਾਂ ਅਨੁਸਾਰ ਔਖੇ ਟੀਚਿਆਂ ਨੂੰ ਚੁਣਨ ਅਤੇ ਪ੍ਰਾਪਤ ਕਰਨ ਦੀ ਸ਼ਾਨਦਾਰ ਯੋਗਤਾ" ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਇਹਨਾਂ ਉਲਝਣ ਵਾਲੀਆਂ ਘਟਨਾਵਾਂ ਨੂੰ ਸਮਝਾਉਣ ਵਿੱਚ ਮਦਦ ਕਰ ਸਕਦਾ ਹੈ। ਵਿਅਕਤੀਗਤ ਪ੍ਰਤਿਭਾ ਵਾਲੇ ਵਿਅਕਤੀ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਸ਼ਾਨਦਾਰ ਫੈਸਲੇ ਲੈਂਦੇ ਹਨ, ਅਤੇ ਨਾਲ ਹੀ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰ ਵੀ ਰੱਖਦੇ ਹਨ। ਉਹ ਲਚਕਦਾਰ ਅਤੇ ਸਵੈ-ਅਨੁਸ਼ਾਸਿਤ ਵਿਅਕਤੀ ਹਨ ਜਿਨ੍ਹਾਂ ਨੇ ਵਾਤਾਵਰਣ-ਵਿਸ਼ੇਸ਼ ਵਿਅਕਤੀਗਤ ਪ੍ਰਤਿਭਾਵਾਂ ਦੇ ਉੱਚ ਪੱਧਰਾਂ ਨੂੰ ਵਧਾਇਆ ਹੈ ਜੋ ਉਹਨਾਂ ਨੂੰ ਕਈ, ਚੁਣੌਤੀਪੂਰਨ ਅਤੇ ਮੁਕਾਬਲੇ ਵਾਲੇ ਟੀਚਿਆਂ ਦਾ ਮੁਲਾਂਕਣ ਕਰਨ ਦੀ ਇਜਾਜ਼ਤ ਦਿੰਦੇ ਹਨ। ਇਸ ਲਈ, ਮਾਪੇ ਆਪਣੇ ਪ੍ਰਤਿਭਾਸ਼ਾਲੀ ਬੱਚਿਆਂ ਦੀ ਨਿੱਜੀ ਪ੍ਰਤਿਭਾ ਵਿਕਸਿਤ ਕਰਨ ਵਿੱਚ ਕਿਵੇਂ ਮਦਦ ਕਰ ਸਕਦੇ ਹਨ? ਸਕੂਲ ਦੇ ਦੌਰਾਨ, ਪ੍ਰਤਿਭਾਸ਼ਾਲੀ ਨੌਜਵਾਨ ਵਿਕਲਪ ਬਣਾਉਣਾ ਸ਼ੁਰੂ ਕਰ ਦਿੰਦੇ ਹਨ ਜੋ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਜੇ ਉਹ ਆਪਣੀ ਨਿੱਜੀ ਪ੍ਰਤਿਭਾ ਨੂੰ ਪਹਿਲਾਂ ਵਿਕਸਤ ਕਰਦੇ ਹਨ, ਤਾਂ ਇਸ ਗੱਲ ਦੀਆਂ ਵਧੇਰੇ ਸੰਭਾਵਨਾਵਾਂ ਹਨ ਕਿ ਉਨ੍ਹਾਂ ਦੇ ਫੈਸਲਿਆਂ ਦੇ ਨਤੀਜੇ ਵਜੋਂ ਜੀਵਨ ਸੰਪੂਰਨ ਅਤੇ ਸੰਤੁਸ਼ਟੀਜਨਕ ਹੋਵੇਗਾ। ਸਵੈ-ਗਿਆਨ ਵਿੱਚ ਕਿਸੇ ਦੀਆਂ ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰੁਚੀਆਂ ਬਾਰੇ ਜਾਗਰੂਕਤਾ ਹੁੰਦੀ ਹੈ। ਮਾਪੇ ਵੱਖ-ਵੱਖ ਗਤੀਵਿਧੀਆਂ ਨੂੰ ਅਜ਼ਮਾਉਣ ਅਤੇ ਇਹ ਪਤਾ ਲਗਾਉਣ ਲਈ ਕਿ ਉਹਨਾਂ ਦੀਆਂ ਯੋਗਤਾਵਾਂ, ਕਦਰਾਂ-ਕੀਮਤਾਂ ਅਤੇ ਰੁਚੀਆਂ ਕਿੱਥੇ ਹਨ, ਉਹਨਾਂ ਦਾ ਸਮਰਥਨ ਕਰਕੇ ਉਹਨਾਂ ਨੂੰ ਸਵੈ-ਗਿਆਨ ਵਿਕਸਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਕਦੇ-ਕਦੇ, ਤੁਸੀਂ ਕੁਝ ਪ੍ਰਤਿਭਾਸ਼ਾਲੀ ਨੌਜਵਾਨ ਦੇਖਦੇ ਹੋ ਅਤੇ ਕੁਝ ਚੀਜ਼ਾਂ ਜੋ ਉਨ੍ਹਾਂ ਵਿਚ ਕੁਦਰਤੀ ਤੌਰ 'ਤੇ ਆਉਂਦੀਆਂ ਹਨ। ਨੌਜਵਾਨਾਂ ਨੂੰ ਉਹ ਹੁਨਰ ਸਿੱਖਣੇ ਚਾਹੀਦੇ ਹਨ ਜੋ ਉਨ੍ਹਾਂ ਨੂੰ ਵੱਡੇ ਸਮਾਜ ਦੇ ਉਪ-ਸਭਿਆਚਾਰ ਅਤੇ ਸੱਭਿਆਚਾਰ ਦੇ ਵਿਚਕਾਰ ਵਾਪਰਨ ਵਾਲੇ ਕਥਿਤ ਜਾਂ ਅਸਲ ਸੰਘਰਸ਼ਾਂ ਨਾਲ ਨਜਿੱਠਣ ਲਈ ਲੋੜੀਂਦੇ ਹਨ। ਨੌਜਵਾਨਾਂ ਨੂੰ ਸਕਾਰਾਤਮਕ ਵਿਸ਼ਵਾਸਾਂ, ਕਦਰਾਂ-ਕੀਮਤਾਂ ਅਤੇ ਭਰੋਸੇ ਨਾਲ ਮਜ਼ਬੂਤ ਅੰਦਰੂਨੀ ਭਾਵਨਾ ਹੋਣੀ ਚਾਹੀਦੀ ਹੈ ਜੋ ਉਹਨਾਂ ਦੇ ਵਿਵਹਾਰ ਅਤੇ ਫੈਸਲਿਆਂ ਨੂੰ ਪ੍ਰਭਾਵਤ ਕਰਦੇ ਹਨ। ਇਹਨਾਂ ਮੁੱਲਾਂ ਵਿੱਚ ਦੂਜਿਆਂ ਦੇ ਹਿੱਤਾਂ ਲਈ ਨਿੱਜੀ ਜ਼ਿੰਮੇਵਾਰੀਆਂ ਦੇ ਨਾਲ-ਨਾਲ ਆਪਣੇ ਆਪ ਦਾ ਸਤਿਕਾਰ ਕਰਨ ਦੀ ਵਚਨਬੱਧਤਾ ਸ਼ਾਮਲ ਹੁੰਦੀ ਹੈ। ਮਾਪੇ ਮੀਡੀਆ ਵਿੱਚ ਰੂੜ੍ਹੀਵਾਦ ਨੂੰ ਪ੍ਰਗਟ ਕਰਨ, ਉਹਨਾਂ ਦੇ ਜੀਵਨ ਵਿੱਚ ਬਿਨਾਂ ਸ਼ਰਤ ਵਿਕਲਪ ਬਣਾਉਣ, ਸਥਾਨਕ ਸਮਾਜ ਦੇ ਨਿਯਮਾਂ ਤੋਂ ਪਰੇ ਜਾਣ ਦੇ ਤਰੀਕੇ ਵਜੋਂ ਸਿੱਖਣ ਦੀ ਕਦਰ ਕਰਨ, ਅਤੇ ਸਵੈ-ਨਿਰਭਰਤਾ ਅਤੇ ਸਵੈ-ਦਿਸ਼ਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦੇ ਹਨ। ਮਾਤਾ-ਪਿਤਾ ਦੀ ਆਪਣੇ ਬੱਚੇ ਦੇ ਜੀਵਨ ਵਿੱਚ ਬਹੁਤ ਖਾਸ ਭੂਮਿਕਾ ਹੁੰਦੀ ਹੈ। ਸਾਨੂੰ ਆਪਣੇ ਬੱਚੇ ਦੀ ਵਿਕਾਸ ਪ੍ਰਕਿਰਿਆ ਅਤੇ ਖੋਜ ਦਾ ਹਿੱਸਾ ਬਣਨਾ ਹੋਵੇਗਾ। ਸਾਡੀ ਭੂਮਿਕਾ ਸਾਡੇ ਬੱਚਿਆਂ ਨੂੰ ਉਹਨਾਂ ਦੀਆਂ ਪ੍ਰਤਿਭਾਵਾਂ ਨੂੰ ਸਮਝਣ ਅਤੇ ਪਰਿਭਾਸ਼ਿਤ ਕਰਨ ਵਿੱਚ ਮਦਦ ਕਰਨਾ ਹੈ। ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਵਧਣ ਲਈ ਥਾਂ ਦਿਓ: ਸਾਰੇ ਬੱਚੇ ਪ੍ਰਤਿਭਾਸ਼ਾਲੀ ਹੁੰਦੇ ਹਨ ਹਾਲਾਂਕਿ ਕਈ ਵਾਰ; ਕੁਝ ਪ੍ਰਤਿਭਾਵਾਂ ਨੂੰ ਦੇਖਭਾਲ ਕਰਨ ਵਾਲਿਆਂ ਜਾਂ ਮਾਪਿਆਂ ਦੇ ਉਹਨਾਂ ਦੇ ਰੁਝੇਵੇਂ ਕਾਰਜਕ੍ਰਮ ਕਾਰਨ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਈ ਵਾਰ, ਬੱਚਿਆਂ ਦੀਆਂ ਪ੍ਰਤਿਭਾਵਾਂ ਦਾ ਦਸਤਾਵੇਜ਼ੀਕਰਨ ਕੀਤਾ ਜਾਂਦਾ ਹੈ ਪਰ ਇੱਕ ਵਿਅਕਤੀ ਜੋ ਇਸ ਨੂੰ ਪਛਾਣਦਾ ਹੈ ਉਹ ਇਸਦੀ ਦੇਖਭਾਲ ਕਰਨ ਲਈ ਬਹੁਤ ਘੱਟ ਕਰਦਾ ਹੈ। ਬੱਚਿਆਂ ਦੀ ਪ੍ਰਤਿਭਾ ਹੋਣੀ ਚਾਹੀਦੀ ਹੈਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਗਿਆ ਤਾਂ ਜੋ ਉਹ ਵੱਡੇ ਹੋ ਕੇ ਇੱਕ ਸ਼ੌਕ ਪੈਦਾ ਕਰ ਸਕਣ ਜਿਸਦਾ ਉਹ ਆਨੰਦ ਲੈ ਸਕਣ। ਬੱਚੇ, ਜਿਨ੍ਹਾਂ ਦੀ ਪ੍ਰਤਿਭਾ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ, ਵੱਡੇ ਹੋ ਕੇ ਅਸਧਾਰਨ ਅਤੇ ਸਿਹਤਮੰਦ ਜੀਵ ਬਣਦੇ ਹਨ। ਜੇਕਰ ਤੁਸੀਂ ਇੱਕ ਛੋਟੇ ਬੱਚੇ ਦੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਹੋ ਜਿਸ ਕੋਲ ਪ੍ਰਤਿਭਾ ਹੈ ਤਾਂ ਤੁਸੀਂ ਇਸਨੂੰ ਕਿਵੇਂ ਪਾਲ ਸਕਦੇ ਹੋ। ਫੋਕਸ ਕਰੋ ਅਤੇ ਦਿਲਚਸਪੀ ਲਓ: ਇੱਕ ਵਾਰ ਜਦੋਂ ਬੱਚਿਆਂ ਨੂੰ ਕੋਈ ਅਜਿਹੀ ਚੀਜ਼ ਮਿਲ ਜਾਂਦੀ ਹੈ ਜਿਸ ਵਿੱਚ ਉਹ ਚੰਗੇ ਹਨ, ਤਾਂ ਉਹ ਉਸ ਵਿੱਚ ਮਹੱਤਵਪੂਰਨ ਸਮਾਂ ਬਿਤਾਉਣਗੇ ਅਤੇ ਹਰ ਕਿਸੇ ਨੂੰ ਦਿਖਾਉਣਾ ਚਾਹੁਣਗੇ ਕਿ ਉਹ ਜੋ ਵੀ ਹੈ ਉਹ ਕੀ ਕਰ ਸਕਦੇ ਹਨ। ਜੇਕਰ, ਤੁਹਾਡਾ ਬੱਚਾ ਤੁਹਾਡੇ ਕੋਲ ਉਦੋਂ ਆਉਂਦਾ ਹੈ ਜਦੋਂ ਤੁਸੀਂ ਬਹੁਤ ਰੁੱਝੇ ਹੁੰਦੇ ਹੋ, ਤਾਂ ਰੌਲਾ ਨਾ ਪਾਓ ਅਤੇ ਇਸ ਗੱਲ 'ਤੇ ਜ਼ੋਰ ਨਾ ਦਿਓ ਕਿ ਬੱਚਾ ਤੁਹ-ਾਡੇ ਜੋ ਵੀ ਕੰਮ ਕਰਦੇ ਹੋ ਉਸ ਵਿੱਚ ਕਿੰਨਾ ਵਿਘਨ ਪਾ ਰਿਹਾ ਹੈ। ਇੱਕ ਵਿਕਲਪ ਦੇ ਤੌਰ 'ਤੇ, ਆਪਣੇ ਬੱਚੇ ਨੂੰ ਬਾਅਦ ਵਿੱਚ ਦੁਬਾਰਾ ਆਉਣ ਲਈ ਕਹੋ ਤਾਂ ਜੋ ਤੁਸੀਂ ਉਸ ਨੂੰ ਬਿਹਤਰ ਤਰੀਕੇ ਨਾਲ ਸੁਣ ਸਕੋ। ਜੇਕਰ ਤੁਸੀਂ ਆਪਣੇ ਬੱਚੇ ਨੂੰ ਪੂਰਾ ਧਿਆਨ ਦੇਣ ਵਿੱਚ ਅਸਮਰੱਥ ਹੋ, ਤਾਂ ਆਪਣੇ ਆਪ ਨੂੰ ਆਪਣੇ ਬੱਚੇ ਨਾਲ ਬੈਠਣ ਲਈ ਮਜਬੂਰ ਨਾ ਕਰੋ ਕਿਉਂਕਿ ਇਹ ਤੁਹਾਡੇ ਬੱਚੇ ਨੂੰ ਮਹਿਸੂਸ ਕਰ ਸਕਦਾ ਹੈ ਜਿਵੇਂ ਉਹ ਤੁਹਾਡੇ ਕੰਮ ਵਿੱਚ ਦਖਲ ਦੇ ਰਿਹਾ ਹੈ ਅਤੇ ਉਹ ਆਪਣੀ ਪ੍ਰਤਿਭਾ ਵਿੱਚ ਸਵੈ-ਵਿਸ਼ਵਾਸ ਗੁਆ ਸਕਦਾ ਹੈ। ਤੁਹਾਡੇ ਬੱਚੇ ਵਿੱਚ ਜੋ ਵੀ ਪ੍ਰਤਿਭਾ ਹੈ, ਹਰ ਹਫ਼ਤੇ ਥੋੜ੍ਹਾ ਸਮਾਂ ਦਿਓ ਅਤੇ ਬੱਚੇ ਨੂੰ ਪੂਰਾ ਧਿਆਨ ਦਿਓ। ਤੁਹਾਡਾ ਧਿਆਨ ਤੁਹਾਡੇ ਬੱਚਿਆਂ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਤੁਸੀਂ ਉਨ੍ਹਾਂ ਦੀ ਪਰਵਾਹ ਕਰਦੇ ਹੋ ਅਤੇ ਉਨ੍ਹਾਂ ਦੇ ਸਫਲ ਹੋਣ ਦੀ ਕਾਮਨਾ ਕਰਦੇ ਹੋ। ਪ੍ਰਤਿਭਾ ਦਾ ਵਿਕਾਸ ਕਰੋ: ਕੁਝ ਸਾਧਨ ਪ੍ਰਾਪਤ ਕਰੋ ਜੋ ਬੱਚੇ ਦੀ ਪ੍ਰਤਿਭਾ ਨੂੰ ਵਿਕਸਤ ਕਰ ਸਕਦੇ ਹਨ। ਉਦਾਹਰਨ ਲਈ, ਇੱਕ ਬੱਚੇ ਲਈ ਜੋ ਇੱਕ ਹੁਸ਼ਿਆਰ ਪੇਂਟਰ ਹੈ, ਕੁਝ ਪੇਂਟ ਸੈੱਟ ਪ੍ਰਾਪਤ ਕਰੋ, ਜੇਕਰ ਉਹ ਬਰਸਾਤੀ ਜੰਗਲਾਂ ਦੇ ਜਾਨਵਰਾਂ ਜਾਂ ਲੋਕੋਮੋਟਿਵਾਂ ਬਾਰੇ ਸਭ ਕੁਝ ਜਾਣਦੀ ਹੈ ਤਾਂ ਉਸਨੂੰ ਇਸ ਵਿਸ਼ੇ 'ਤੇ ਇੱਕ ਵਿਆਪਕ ਕਿਤਾਬ ਪ੍ਰਾਪਤ ਕਰੋ। ਇੱਕ ਹੋਰ ਵਿਕਲਪ ਬੱਚੇ ਨੂੰ ਉਹਨਾਂ ਸਮਾਗਮਾਂ ਵਿੱਚ ਲਿਜਾਣਾ ਹੈ ਜੋ ਬੱਚੇ ਦੀ ਦਿਲਚਸਪੀ ਜਾਂ ਪ੍ਰਤਿਭਾ 'ਤੇ ਧਿਆਨ ਕੇਂਦਰਤ ਕਰਦੇ ਹਨ। ਜੇਕਰ ਉਸ ਨੂੰ ਕਲਾ ਪਸੰਦ ਹੈ ਤਾਂ ਉਸ ਨਾਲ ਕਿਸੇ ਪ੍ਰਦਰਸ਼ਨੀ 'ਤੇ ਜਾਓ। ਜੇ ਉਸਨੂੰ ਥੀਏਟਰ ਪਸੰਦ ਹੈ, ਤਾਂ ਕੁਝ ਪ੍ਰਦਰਸ਼ਨ ਦੇਖਣ ਲਈ ਉਸਦੇ ਨਾਲ ਜਾਓ। ਉਹਨਾਂ ਨੂੰ ਉਹਨਾਂ ਗਤੀਵਿਧੀਆਂ ਵਿੱਚ ਰੁੱਝੇ ਰੱਖੋ ਜਿਸ ਨਾਲ ਪ੍ਰਤਿਭਾ ਦਾ ਵਿਕਾਸ ਹੋਵੇਗਾ। ਪ੍ਰਤਿਭਾ ਨੂੰ ਵਿਕਸਿਤ ਕਰਨ ਲਈ ਬੱਚੇ ਦੀ ਜਾਂਚ ਕਰੋ: ਆਪਣੇ ਬੱਚੇ ਨੂੰ ਉਸਦੀ ਵਿਸ਼ੇਸ਼ ਪ੍ਰਤਿਭਾ ਬਾਰੇ ਸਵਾਲ ਪੁੱਛੋ ਅਤੇ ਨਾਲ ਹੀ ਉਸ ਤੋਂ ਪੁੱਛੋ ਕਿ ਉਹ ਤੁਹਾਨੂੰ ਉਸਦੀ ਪ੍ਰਤਿਭਾ ਲਈ ਹੋਰ ਜਾਣਕਾਰੀ ਦੇਵੇ। ਜੇਕਰ ਤੁਸੀਂ ਸਵਾਲ ਪੁੱਛਦੇ ਹੋ, ਤਾਂ ਬੱਚਾ ਬਿਹਤਰ ਮਹਿਸੂਸ ਕਰੇਗਾ। ਇਹ ਕੁਝ ਬੱਚਿਆਂ ਨੂੰ ਚਿੰਤਤ ਕਰ ਸਕਦਾ ਹੈ ਪਰ ਬਹੁਤ ਸਾਰੇ ਹੋਰ ਧਿਆਨ ਖਿੱਚਣਗੇ। ਇਹ ਉਹਨਾਂ ਨੂੰ ਆਪਣੀ ਪ੍ਰਤਿਭਾ ਪੈਦਾ ਕਰਨ ਬਾਰੇ ਸਕਾਰਾਤਮਕ ਮਹਿਸੂਸ ਕਰਨ ਵਿੱਚ ਮਦਦ ਕਰੇਗਾ ਜਦੋਂ ਉਹ ਦੇਖਦੇ ਹਨ ਕਿ ਕੋਈ ਇਸ ਬਾਰੇ ਹੋਰ ਜਾਣਨਾ ਚਾਹੁੰਦਾ ਹੈ। ਆਪਣੇ ਬੱਚੇ ਨੂੰ ਉਸ ਕਲਾਸ ਵਿੱਚ ਰਜਿਸਟਰ ਕਰੋ ਜੋ ਉਸਦੀ ਪ੍ਰਤਿਭਾ ਬਾਰੇ ਚਿੰਤਾ ਕਰਦਾ ਹੈ। ਜੇਕਰ ਤੁਹਾਡੇ ਬੱਚੇ ਵਿੱਚ ਖਾਣਾ ਬਣਾਉਣ ਦੀ ਵਿਸ਼ੇਸ਼ ਪ੍ਰਤਿਭਾ ਹੈ, ਤਾਂ ਉਸਨੂੰ ਬੱਚੇ ਦੀ ਕੁਕਿੰਗ ਕਲਾਸ ਵਿੱਚ ਦਾਖਲ ਕਰੋ। ਜੇਕਰ ਤੁਹਾਨੂੰ ਇਸ ਬਾਰੇ ਯਕੀਨ ਹੈ ਕਿ ਬੱਚਿਆਂ ਦੀਆਂ ਕਲਾਸਾਂ ਕਿੱਥੇ ਲਾਈਆਂ ਜਾਣੀਆਂ ਹਨ, ਤਾਂ ਕਮਿਊਨਿਟੀ ਸੈਂਟਰਾਂ ਦੀ ਪੜਚੋਲ ਕਰੋ। ਕੁਝ ਕੇਂਦਰਾਂ ਵਿੱਚ ਵਿਭਿੰਨ ਉਮਰ ਦੇ ਬੱਚਿਆਂ ਲਈ ਵਧੀਆ ਕੀਮਤ ਦੇ ਨਾਲ ਪ੍ਰੋਗਰਾਮ ਹਨ। ਤੁਹਾਡਾ ਦੂਜਾ ਵਿਕਲਪ ਤੁਹਾਡੇ ਖੇਤਰ ਵਿੱਚ ਕਲਾਸਾਂ ਪ੍ਰਾਪਤ ਕਰਨ ਲਈ ਘੋਗਲਏ 'ਤੇ ਇੱਕ ਬੁਨਿਆਦੀ ਖੋਜ ਕਰਨਾ ਹੈ। ਨਾ ਕਰੋ ਬੱਚੇ ਨੂੰ ਸੀਮਾਵਾਂ ਤੋਂ ਬਾਹਰ (ਬਹੁਤ ਸਖ਼ਤ) ਮਜਬੂਰ ਨਾ ਕਰੋ। ਬਹੁਤ ਸਾਰੇ ਮਾਤਾ-ਪਿਤਾ ਆਪਣੇ ਬੱਚੇ ਦੀ ਪ੍ਰਤਿਭਾ ਕਾਰਨ ਦੱਬੇ-ਕੁਚਲੇ ਮਹਿਸੂਸ ਕਰਦੇ ਹਨ ਅਤੇ ਉਹ ਆਪਣੇ ਬੱਚੇ ਨੂੰ ਬਹੁਤ ਸਖਤ ਮਜਬੂਰ ਕਰਨ ਦੀ ਗਲਤੀ ਕਰਦੇ ਹਨ। ਕੋਈ ਵੀ ਜ਼ਿਆਦਾ ਕੰਮ ਕਰਨ ਵਾਲਾ ਬੱਚਾ ਕੇਵਲ ਇੱਕ ਖੁਸ਼ ਬੱਚਾ ਨਹੀਂ ਹੁੰਦਾ। ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਆਪਣੀ ਪ੍ਰਤਿਭਾ ਦਾ ਆਨੰਦ ਮਾਣੇ ਅਤੇ ਇਸ ਤੋਂ ਡਰੇ ਨਾ। ਆਪਣੇ ਬੱਚੇ ਨੂੰ ਕੰਮ ਕਰਵਾਉਣਾ ਠੀਕ ਹੈ ਪਰ ਆਪਣੇ ਬੱਚੇ ਨੂੰ ਥਕਾ ਦੇਣਾ ਠੀਕ ਨਹੀਂ ਹੈ। ਉਦਾਹਰਨ ਲਈ, ਆਪਣੇ ਬੱਚਿਆਂ ਨੂੰ ਹਫ਼ਤੇ ਵਿੱਚ ਪੰਜ ਕਲਾਸਾਂ ਨਾ ਲਗਾਓ। ਉਨ੍ਹਾਂ ਕੋਲ ਸਕੂਲ ਦੇ ਨਾਲ-ਨਾਲ ਇਸ ਦਾ ਹੋਮਵਰਕ ਵੀ ਹੈ ਅਤੇ ਉਨ੍ਹਾਂ ਦੇ ਸਮਾਜਿਕ ਜੀਵਨ ਲਈ ਵੀ ਸਮਾਂ ਚਾਹੀਦਾ ਹੈ। ਜੇਕਰ ਤੁਸੀਂ ਦੇਖਦੇ ਹੋ ਕਿ ਤੁਹਾਡੇ ਬੱਚਿਆਂ ਦਾ ਸਮਾਂ ਚੰਗਾ ਨਹੀਂ ਚੱਲ ਰਿਹਾ ਹੈ, ਤਾਂ ਉਨ੍ਹਾਂ ਨੂੰ ਪੁੱਛੋ ਕਿ ਉਹ ਕੀ ਕਰਨਾ ਚਾਹੁੰਦੇ ਹਨ। ਜਦੋਂ ਕਿ ਮਾਪੇ ਬਹੁਤ ਸਖਤ ਮਿਹਨਤ ਕਰਦੇ ਹਨ, ਉਹਨਾਂ ਦੇ ਬੱਚਿਆਂ ਕੋਲ ਪ੍ਰਤਿਭਾ ਨਹੀਂ ਹੁੰਦੀ ਪਰ ਉਮੀਦਾਂ ਹੁੰਦੀਆਂ ਹਨ ਜੋ ਉਹਨਾਂ ਨੂੰ ਜੀਣ ਲਈ ਹੁੰਦੀਆਂ ਹਨ ਅਤੇ ਇਹ ਮਜ਼ੇਦਾਰ ਨਹੀਂ ਹੈ। ਰਚਨ-ਾਤਮਕਤਾ ਦਾ ਵਿਕਾਸ ਕਰੋ ਪੰਜ ਜ਼ਰੂਰੀ ਖੇਤਰ ਹਨ ਜਿਨ੍ਹਾਂ ਰਾਹੀਂ ਮਾਪੇ ਬੱਚਿਆਂ ਵਿੱਚ ਰਚਨਾਤਮਕਤਾ ਦਾ ਵਿਕਾਸ ਕਰ ਸਕਦੇ ਹਨ: ਪਰਿਵਾਰ: ਇਹ ਸ਼ਾਇਦ ਸਭ ਤੋਂ ਮਹੱਤਵਪੂਰਨ ਖੇਤਰ ਹੈ ਜਿੱਥੇ ਬੱਚਿਆਂ ਨੂੰ ਉਤਸ਼ਾਹ ਦੀ ਲੋੜ ਹੁੰਦੀ ਹੈ। ਮਾਪੇ ਹੋਣ ਦੇ ਨਾਤੇ, ਸਾਨੂੰ ਚਾਹੀਦਾ ਹੈਦ ਬੱਚਿਆਂ ਲਈ ਸਹਾਇਤਾ ਦੀ ਲੋੜ ਨੂੰ ਸਹੀ ਪਰਿਵਾਰ ਦੁਆਰਾ ਸੰਚਾਰ ਕਰੋ ਜਿਸ ਵਿੱਚ ਦਾਦਾ-ਦਾਦੀ, ਚਾਚੇ, ਭੈਣ-ਭਰਾ, ਚਚੇਰੇ ਭਰਾ, ਅਤੇ ਮਾਸੀ ਸ਼ਾਮਲ ਹਨ। ਦੋਸਤ: ਅਜਿਹੇ ਮੌਕੇ ਬਣਾਉਣ ਦੇ ਕੁਝ ਤਰੀਕੇ ਲੱਭੋ ਜਿੱਥੇ ਇੱਕ ਬੱਚਾ ਦੂਜੇ ਬੱਚਿਆਂ ਦੇ ਨਾਲ ਮਿਲ ਕੇ ਕੰਮ ਕਰ ਸਕਦਾ ਹੈ ਜਿਨ੍ਹਾਂ ਦੀ ਇੱਕੋ ਜਿਹੀ ਦਿਲਚਸਪੀ ਹੈ। ਇਹ ਉਹਨਾਂ ਦੀ ਮਦਦ ਲਈ ਉਹਨਾਂ ਦੇ ਵਿਅਕਤੀਗਤ ਭਾਈਚਾਰੇ ਨੂੰ ਬਣਾਉਣ ਵਿੱਚ ਸਹਾਇਤਾ ਕਰੇਗਾ ਕਿਉਂਕਿ ਉਹ ਦੂਜੇ ਬੱਚਿਆਂ ਨੂੰ ਵੀ ਪ੍ਰੇਰਿਤ ਕਰਦੇ ਹਨ, ਵਧਦੇ ਹਨ ਅਤੇ ਉਤਸ਼ਾਹਿਤ ਕਰਦੇ ਹਨ। ਅਧਿਆਪਕ: ਕੁਝ ਸਮਾਂ ਬਿਤਾਉਣ ਦੇ ਨਾਲ-ਨਾਲ ਬੱਚਿਆਂ ਦੇ ਇੰਸਟ੍ਰਕਟਰਾਂ ਨਾਲ ਜੁੜਨ ਦੀ ਕੋਸ਼ਿਸ਼ ਕਰੋ ਤਾਂ ਜੋ ਲੰਬੇ ਸਮੇਂ ਵਿੱਚ ਤੁਹਾਡਾ ਬੱਚਾ ਸਿੱਖੇਗਾ ਅਤੇ ਅਜਿਹਾ ਕਰਨ ਲਈ ਪ੍ਰੇਰਿਤ ਹੋਵੇਗਾ। ਭਾਈਚਾਰਾ: ਵਰਗੀਕਰਨ ਕਰੋ ਅਤੇ ਕਮਿਊਨਿਟੀ ਗਤੀਵਿਧੀਆਂ ਵਿੱਚ ਹਿੱਸਾ ਲਓ ਜਦੋਂ ਕਿ ਬੱਚੇ ਆਪਣੀ ਪ੍ਰਤਿਭਾ ਦਿਖਾ ਸਕਦੇ ਹਨ ਅਤੇ ਨਾਲ ਹੀ ਭਾਈਚਾਰੇ ਦਾ ਸਮਰਥਨ ਕਰ ਸਕਦੇ ਹਨ। ਜਦੋਂ ਕਿ ਭਾਈਚਾਰਾ ਬੱਚਿਆਂ ਨੂੰ ਉਹਨਾਂ ਦੁਆਰਾ ਕੀਤੇ ਗਏ ਯੋਗਦਾਨ ਲਈ ਜਾਣਦਾ ਹੈ, ਇਹ ਸ਼ਾਨਦਾਰ ਮਨੋਬਲ ਬਣਾਉਂਦਾ ਹੈ। ਸਲਾਹਕਾਰ: ਸਲਾਹਕਾਰ ਤੁਹਾਡੇ ਖੇਤਰ ਦਾ ਇੱਕ ਪ੍ਰਤਿਭਾਸ਼ਾਲੀ ਵਿਅਕਤੀ ਹੋ ਸਕਦਾ ਹੈ, ਜਿਸ ਖੇਤਰ ਵਿੱਚ ਤੁਹਾਡੇ ਬੱਚੇ ਦਿਲਚਸਪੀ ਰੱਖਦੇ ਹਨ, ਇੱਕ ਪਰਿਵਾਰਕ ਦੋਸਤ ਜਾਂ ਗੁਆਂਢੀ ਜਿਸਨੂੰ ਤੁਹਾਡੇ ਬੱਚੇ ਲੱਭ ਰਹੇ ਹਨ। ਸਲਾਹਕਾਰਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੋ ਅਤੇ ਆਪਣੇ ਬੱਚਿਆਂ ਦੀਆਂ ਪ੍ਰਤਿਭਾਵਾਂ ਨੂੰ ਵਿਕਸਤ ਕਰਨ ਵਿੱਚ ਉਹਨਾਂ ਦੀ ਸਹਾਇਤਾ ਲਈ ਪੁੱਛੋ। ਨੌਜਵਾਨ ਪ੍ਰਤਿਭਾਵਾਂ ਨੂੰ ਖੋਜਣ ਲਈ ਸੁਝਾਅ ਉਹਨਾਂ ਨੂੰ ਉਹਨਾਂ ਦੀਆਂ ਰੁਚੀਆਂ ਦੀ ਪਾਲਣਾ ਕਰਨ ਅਤੇ ਉਹਨਾਂ ਦੀਆਂ ਵਿਲੱਖਣ ਯੋਗਤਾਵਾਂ ਦਾ ਪਤਾ ਲਗਾਉਣ ਦੇ ਮੌਕੇ ਦਿਓ। ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ, ਪਾਠ, ਕਲੱਬ, ਯੋਜਨਾਬੱਧ ਯੁਵਾ ਗਤੀਵਿਧੀਆਂ, ਜਾਂ ਖੇਤਰੀ ਯਾਤਰਾਵਾਂ ਅਜਿਹੇ ਮੌਕੇ ਪ੍ਰਦਾਨ ਕਰ ਸਕਦੀਆਂ ਹਨ ਜੋ ਪ੍ਰਤਿਭਾਵਾਂ ਨੂੰ ਜਗਾਉਂਦੇ ਹਨ। ਉਨ੍ਹਾਂ ਦੇ ਯਤਨਾਂ ਲਈ ਉਨ੍ਹਾਂ ਨੂੰ ਪਛਾਣੋ ਅਤੇ ਵਧਾਈ ਦਿਓ। ਜੇਕਰ ਉਹ ਕਿਸੇ ਖਾਸ ਗਤੀਵਿਧੀ ਵਿੱਚ ਹਿੱਸਾ ਲੈਂਦੇ ਹਨ, ਤਾਂ ਉਹਨਾਂ ਦੇ ਯਤਨਾਂ ਲਈ ਉਹਨਾਂ ਨੂੰ ਵਧਾਈ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਕੋਸ਼ਿਸ਼ ਕਰਨ ਲਈ ਹਿੰਮਤ ਦੀ ਲੋੜ ਹੁੰਦੀ ਹੈ। ਤੁਹਾਡੀ ਤੁਲਨਾ ਦੂਜੇ ਲੋਕਾਂ ਨਾਲ ਕਰਨ ਤੋਂ ਪਰਹੇਜ਼ ਕਰੋ ਜਿਨ੍ਹਾਂ ਕੋਲ ਵੱਖੋ ਵੱਖਰੀਆਂ ਪ੍ਰਤਿਭਾਵਾਂ ਹਨ। ਹਰ ਬੱਚੇ ਦੀ ਵਿਸ਼ੇਸ਼ ਪ੍ਰਤਿਭਾ ਦਾ ਆਦਰ ਕਰੋ। ਘੱਟ ਸਪੱਸ਼ਟ ਤੋਹਫ਼ਿਆਂ ਦੀ ਪਛਾਣ ਕਰੋ ਜਿਵੇਂ ਕਿ ਜਾਨਵਰਾਂ ਨਾਲ ਚੰਗਾ ਹੋਣਾ ਜਾਂ ਦੂਜੇ ਲੋਕਾਂ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਮਹਿਸੂਸ ਕਰਨਾ। ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨਾਲ ਕੁਝ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕਰੋ। ਸਕਾਰਾਤਮਕ ਅਤੇ ਵਡਮੁੱਲੇ ਯੋਗਦਾਨ ਲਈ ਮਸ਼ਹੂਰ ਹੋਣ ਨਾਲ ਨੌਜਵਾਨਾਂ ਨੂੰ ਉਨ੍ਹਾਂ ਦੀ ਮਹੱਤਤਾ ਮਹਿਸੂਸ ਕਰਨ ਵਿੱਚ ਮਦਦ ਮਿਲਦੀ ਹੈ। ਜੇਕਰ ਨੌਜਵਾਨ ਸਕਾਰਾਤਮਕ ਕੰਮ ਕਰ ਸਕਦੇ ਹਨ, ਤਾਂ ਉਨ੍ਹਾਂ ਦੇ ਨਕਾਰਾਤਮਕ ਕੰਮ ਕਰਨ ਦੀ ਸੰਭਾਵਨਾ ਘੱਟ ਹੋਵੇਗੀ। ਸੁਆਰਥ ਅਤੇ ਸਵੈ-ਮਾਣ ਵਿਚਕਾਰ ਅੰਤਰ ਨੂੰ ਪਛਾਣਨ ਵਿੱਚ ਬੱਚਿਆਂ ਦੀ ਮਦਦ ਕਰੋ। ਆਮ ਤੌਰ 'ਤੇ, ਨੌਜਵਾਨ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਕੁਝ ਨਵਾਂ ਕਰਨ ਜਾਂ ਉਨ੍ਹਾਂ ਦੇ ਹੁਨਰ ਦੀ ਵਰਤੋਂ ਕਰਨ ਲਈ ਕਾਫ਼ੀ ਸਵੈ-ਮਾਣ ਨਹੀਂ ਹੈ। ਹਰ ਬੱਚਾ ਇੱਕ ਵਿਲੱਖਣ ਵਿਅਕਤੀ ਹੁੰਦਾ ਹੈ। ਹਰ ਬੱਚਾ ਘਰ ਦੇ ਵੱਖ-ਵੱਖ ਮਾਹੌਲ ਵਿੱਚ ਰਹਿੰਦਾ ਹੈ। ਹਰ ਬੱਚੇ ਦੇ ਵੱਖ-ਵੱਖ ਤਜ਼ਰਬਿਆਂ ਵਾਲੇ ਖਾਸ ਜੀਨ ਹੁੰਦੇ ਹਨ। ਮਜ਼ਬੂਤ ਸਕਾਰ-ਾਤਮਕ ਰਵੱਈਆ ਵਿਕਸਿਤ ਕਰਨਾ ਵਿਦਿਆਰਥੀਆਂ ਨੂੰ ਸਵੈ-ਪ੍ਰੇਰਿਤ ਹੋਣ ਵਿੱਚ ਮਦਦ ਕਰਨ ਲਈ ਸ਼ੁਰੂਆਤੀ ਕਦਮ ਹੈ। ਇੱਕ ਪ੍ਰੇਰਿਤ ਵਿਦਿਆਰਥੀ ਇੱਕ ਸਫਲ ਸਿਖਿਆਰਥੀ ਹੋ ਸਕਦਾ ਹੈ। ਇਸਦੇ ਉਲਟ, ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੇ ਆਪਣੇ ਜੀਵਨ ਵਿੱਚ ਬਹੁਤ ਕੁਝ ਪ੍ਰਾਪਤ ਕੀਤਾ ਹੈ ਪਰ ਉਹਨਾਂ ਵਿੱਚ ਉੱਚ ਸਵੈ-ਮਾਣ ਨਹੀਂ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ, ਪੰਜਾਬ।*

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।।
RSFO
Ramgarhia Sikh Foundation of Ontario
Ramgarhia Sikh Foundation of Ontario
10th International Award 2023
RSFO
Ramgarhia Sikh Foundation of Ontario
Dedicated to the 300th Birth Anniversary of Maharaja Jassa Singh Ramgarhia
300 ਸਾਲਾ ਮਹਾਰਾਜਾ ਰਾਮਗੜ੍ਹੀਆ ਦੇ ਨਾਮ

| | | |
|---|---|---|
| 19th May | Welcoming Guests | 10am |
| 19th May | Lunch | 1pm to 3pm |
| 20th May | Seminar | 10am to 4pm |
| 21th May | Presentation of Awards | 10am to 4pm |

on Friday, 19th May 2023
10:00am to 6:00pm
Century Gardens Recreations Complex (Auditorium 1)
340 Vodden Street East, Brampton, ON, L6V 2N2



Bhupinder Singh Seera (647) 833-6960
Ravinder Pal Singh Sond (647) 403-6767
Gurucharan Singh (Dubai) (416) 845-1019
Mohinder Singh Kundi (647) 294-1669
Harpal Singh Matharu (416) 579 3817
Jaswinder Singh Bhachu (416) 728 2776
Baldev Singh Mankoo (647) 2089729
Karnail Singh Marwaha (416) 567 5159

Daljit S. Gaidhu
Chairman
416-305-9878

Jasbir S. Sehmbi
Vice Chairman
437-774-1410

Manjit S. Bhachu
President
416-275-2374

Jarnail S. Matharu
Treasurer
416-409-6207

Hardial S. Jheeta
General Secretary
647-409-8915

Address: 7956 Torbram Road #40, Bldg-B, Brampton, ON, L6T 5A2, Canada

# ਸਕੂਲ ਜਾ ਰਹੇ ਅਧਿਆਪਕਾਂ ਦੀ ਗੱਡੀ ’ਤੇ ਡਿੱਗਿਆ ਦਰੱਖਤ, 3 ਦੀ ਹਾਲਤ ਗੰਭੀਰ

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ): ਜਲਾਲਾਬਾਦ ਤੋਂ ਤਰਨ ਤਾਰਨ ਦੇ ਪਿੰਡ ਵਲਟੋਹਾ ਵੱਲ ਅਧਿਆਪਕਾਂ ਨੂੰ ਲੈ ਕੇ ਜਾ ਰਹੀ ਅਧਿਆਪਕਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ‘ਚ 3 ਅਧਿਆਪਕ ਜ਼ਖਮੀ ਹੋ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਖਰਾਬ ਮੌਸਮ ਕਾਰਨ ਅਚਾਨਕ ਇਕ ਦਰੱਖਤ ਗੱਡੀ ‘ਤੇ ਡਿੱਗ ਗਿਆ, ਜਿਸ ਕਾਰਨ ਇਹ ਖਤਰਨਾਕ ਹਾਦਸਾ ਵਾਪਰਿਆ।

ਜਲਾਲਾਬਾਦ ਦੇ ਵਿਧਾਇਕ ਜਗਦੀਪ ਗੋਲਡੀ ਨੇ ਕੰਬੋਜ ਪਹੁੰਚ ਕੇ ਜ਼ਖਮੀਆਂ ਦਾ ਹਾਲ ਚਾਲ ਪੁੱਛਿਆ ਅਤੇ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਹੈ। ਹਾਦਸੇ ਦੌਰਾਨ ਦੋ ਅਧਿਆਪਕਾਂ ਨੂੰ ਫਰੀਦਕੋਟ



ਰੈਫਰ ਕਰ ਦਿੱਤਾ ਗਿਆ।ਇਹ ਹਾਦਸਾ ਸਵੇਰੇ 6 ਵਜੇ ਦੇ ਕਰੀਬ ਵਾਪਰਿਆ। ਗੱਡੀ ਦੇ ਡਰਾਈਵਰ ਨੇ ਦੱਸਿਆ ਕਿ ਸੜਕ ‘ਤੇ ਇੱਕ ਦਰੱਖਤ ਡਿੱਗ ਗਿਆ ਸੀ ਅਤੇ ਮੀਂਹ ਕਾਰਨ ਗੱਡੀ ਬੇਕਾਬੂ ਹੋ ਗਈ ਅਤੇ ਹਾਦਸਾ ਵਾਪਰ ਗਿਆ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਸਵੇਰੇ 6 ਵਜੇ ਦੇ ਕਰੀਬ ਵਾਪਰਿਆ। ਹਾਦਸੇ ਵਾਲੀ ਥਾਂ ‘ਤੇ ਮੌਜੂਦ ਅਮੀਰਖਾਸ ਥਾਣੇ ਦੇ ਏਐਸਆਈ ਚੰਦਰਸ਼ੇਖਰ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਉਨ੍ਹਾਂ ਨੇ ਮੌਕੇ ‘ਤੇ ਪਹੁੰਚ ਕੇ ਦਰੱਖਤ ਨੂੰ ਕੱਟ ਕੇ ਗੱਡੀ ਨੂੰ ਬਾਹਰ ਕੱਢਿਆ ਅਤੇ ਆਵਾਜਾਈ ਸੁਚਾਰੂ ਢੰਗ ਨਾਲ ਚੱਲ ਰਹੀ ਹੈ। ਹਾਦਸੇ ‘ਚ ਜ਼ਖਮੀਆਂ ਨੂੰ ਥਾਣਾ ਅਮੀਰਖਾਸ ਲਿਜਾਇਆ ਗਿਆ।




**ਫੀਮੇਲ ਹਾਊਸਕੀਪਰ ਦੀ ਲੋੜ**

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

## ਪੰਜਾਬ ਸਰਕਾਰ ਨੂੰ ਸਿਰਫ ਮਾਰਚ ਮਹੀਨੇ ਵਿਚ ਹੀ ਜਾਇਦਾਦ ਦੀਆਂ ਰਜਿਸਟਰੀਆਂ ਤੋਂ ਰਿਕਾਰਡ ਆਮਦਨ: ਜਿੰਪਾ

* 2.25 ਫੀਸਦੀ ਸਟੈਂਪ ਡਿਊਟੀ ਅਤੇ ਫੀਸ ਛੋਟ 30 ਅਪ੍ਰੈਲ ਤੱਕ ਰਹੇਗੀ ਜਾਰੀ

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਕਰ ਕੇ ਸੂਬੇ ’ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਮਾਰਚ ਮਹੀਨੇ ਦੌਰਾਨ ਰਿਕਾਰਡ ਆਮਦਨ ਦਰਜ ਕੀਤੀ ਗਈ ਹੈ। ਸਾਲ 2022 ਦੇ ਮਾਰਚ ਮਹੀਨੇ ਦੇ ਮੁਕਾਬਲੇ ਮਾਰਚ 2023 ਵਿਚ ਰਿਕਾਰਡ 78 ਫੀਸਦੀ ਆਮਦਨ ਦਾ ਵਾਧਾ ਹੋਇਆ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਕ ਮਾਰਚ ਤੋਂ 31 ਮਾਰਚ 2023 ਤੱਕ ਸਟੈਂਪ ਡਿਊਟੀ ਅਤੇ ਫੀਸ ਵਿਚ ਕੁੱਲ 2.25 ਫੀਸਦੀ ਦੀ ਕਟੌਤੀ ਕੀਤੀ ਗਈ ਸੀ। ਮੁੱਖ ਮੰਤਰੀ ਦੇ ਇਸ ਫੈਸਲੇ ਸਦਕਾ ਪੂਰੇ ਸੂਬੇ ਵਿਚ ਲੋਕਾਂ ਨੇ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਕਰਵਾਉਣ ਵਿਚ ਬਹੁਤ ਦਿਲਚਸਪੀ ਵਿਖਾਈ।

ਜਿੰਪਾ ਨੇ ਦੱਸਿਆ ਕਿ ਮਾਰਚ ਮਹੀਨੇ ਵਿਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ 658.69 ਕਰੋੜ ਰੁਪਏ ਆਏ ਹਨ ਜਦਕਿ ਮਾਰਚ 2022 ਵਿਚ ਇਹ ਆਮਦਨ 369.61 ਕਰੋੜ ਰੁਪਏ ਸੀ। ਪਿਛਲੇ ਸਾਲ ਦੇ ਮੁਕਾਬਲੇ ਇਹ ਆਮਦਨ 78 ਫੀਸਦੀ ਜ਼ਿਆਦਾ ਬਣਦੀ ਹੈ। ਉਨ੍ਹਾਂ ਦੱਸਿਆ ਕਿ ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਦੇ 11 ਮਹੀਨਿਆਂ ਦੌਰਾਨ ਸਰਕਾਰੀ ਖਜ਼ਾਨੇ ਵਿਚ ਔਸਤਨ 308 ਕਰੋੜ ਰੁਪਏ ਪ੍ਰਤੀ ਮਹੀਨਾ ਦੀ ਆਮਦਨ ਆਉਂਦੀ ਰਹੀ ਹੈ ਜਦਕਿ ਸਿਰਫ ਇਕ ਮਹੀਨੇ ਦੌਰਾਨ ਯਾਨੀ ਮਾਰਚ 2023 ਵਿਚ ਇਹ ਆਮਦਨ ਦੁੱਗਣੀ ਤੋਂ ਵੀ ਜ਼ਿਆਦਾ ਰਹੀ।

ਮਾਲ ਮੰਤਰੀ ਨੇ ਕਿਹਾ ਕਿ ਅਪ੍ਰੈਲ 2023 ਦੌਰਾਨ ਵੀ ਪੰਜਾਬ ਦੇ ਖਜ਼ਾਨੇ ਵਿਚ ਪਿਛਲੇ ਮਹੀਨਿਆਂ ਨਾਲੋਂ ਜ਼ਿਆਦਾ ਆਮਦਨ ਆਉਣ ਦੀ ਸੰਭਾਵਨਾ ਹੈ ਕਿਉਂ ਕਿ ਸਟੈਂਪ ਡਿਊਟੀ ਅਤੇ ਫੀਸ ਵਿਚ 2.25 ਫੀਸਦੀ ਦੀ ਛੋਟ ‘ਚ 30 ਅਪ੍ਰੈਲ 2023 ਤੱਕ ਦਾ ਵਾਧਾ ਕਰ ਦਿੱਤਾ ਗਿਆ ਹੈ।










## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.







## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeep-kaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661




## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐਮ.ਟੈਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5’3” tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

# ਐਨਆਈਏ ਨੇ ਗ੍ਰਹਿ ਮੰਤਰਾਲੇ ਕੋਲ ਭੇਜੀ 28 ਗੈਂਗਸਟਰਾਂ ਦੀ ਲਿਸਟ




ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ): ਕੇਂਦਰੀ ਜਾਂਚ ਏਜੰਸੀ (ਐੱਨ. ਆਈ. ਏ.) ਨੇ ਕਈ ਗੈਂਗਸਟਰਾਂ ਨਾਲ ਜੁੜੇ ਮਾਮਲਿਆਂ ਦੀ ਜਾਂਚ ਤੋਂ ਬਾਅਦ ਕਰੀਬ 28 ਗੈਂਗਸਟਰਾਂ ਦੇ ਨਾਵਾਂ 'ਤੇ ਉਨ੍ਹਾਂ ਦੀਆਂ ਕਾਰਵਾਈਆਂ ਦੀ ਸੂਚੀ ਗ੍ਰਹਿ ਮੰਤਰਾਲੇ ਨੂੰ ਸੌਂਪੀ ਹੈ। ਇਨ੍ਹਾਂ ਗੈਂਗਸਟਰਾਂ ਦਾ ਕਨੈਕਸ਼ਨ ਪੰਜਾਬ, ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ, ਰਾਜਸਥਾਨ ਤੇ ਹੋਰ ਰਾਜਾਂ ਨਾਲ ਸਬੰਧਤ ਹਨ, ਜੋ ਵਿਦੇਸ਼ਾਂ ਵਿਚਰਹਿ ਕੇ ਭਾਰਤ ਵਿਚ ਟਾਰਗੇਟ ਕਿਲਿੰਗ ਸਮੇਤ ਹੋਰ ਅਪਰਾਧੀ ਕਾਰਵਾਈਆਂ ਕਰ ਰਹੇ ਹਨ।

ਹੁਣ ਇਨ੍ਹਾਂ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਰਣਨੀਤੀ ਉਲੀਕੀ ਜਾ ਰਹੀ ਹੈ।

ਗੈਂਗਸਟਰਾਂ ਦੇ ਨਾਮ

1. ਗੋਲਡੀ ਬਰਾੜ ਉਰਫ ਸਤਿੰਦਰਜੀਤ ਸਿੰਘ ਕੈਨੇਡਾ/ਯੂ ਐਸ ਏ
2. ਅਨਮੋਲ ਬਿਸ਼ਨੋਈ ਅਮਰੀਕਾ
3. ਕੁਲਦੀਪ ਸਿੰਘ ਯੂ ਏ ਈ
4. ਜਗਜੀਤ ਸਿੰਘ ਮਲੇਸ਼ੀਆ
5. ਧਰਮ ਕਹਲੋਂਨ ਯੂ ਐਸ ਏ
6. ਰੋਹਿਤ ਗੋਦਾਰਾ ਯੂਰਪ
7. ਗੁਰਵਿੰਦਰ ਸਿੰਘ ਕੈਨੇਡਾ
8. ਸਚਿਨ ਥਾਪਨ ਅਜਰਬਾਈਜਾਨ
9. ਸਤਵੀਰ ਸਿੰਘ ਕੈਨੇਡਾ
10. ਸਨਵਰ ਢਿੱਲੋਂ ਕੈਨੇਡਾ
11. ਰਾਜੇਸ਼ ਕੁਮਾਰ ਬ੍ਰਾਜ਼ੀਲ
12. ਗੁਰਪ੍ਰਿੰਦਰ ਸਿੰਘ ਕੈਨੇਡਾ
13. ਹਰਜੋਤ ਸਿੰਘ ਗਿੱਲ ਅਮਰੀਕਾ
14. ਦਰਮਨਜੀਤ ਸਿੰਘ ਉਰਫ ਦਰਮਨ ਕਾਹਲੋਂ ਅਮਰੀਕਾ
15. ਅੰਮ੍ਰਿਤਪਾਲ ਅਮਰੀਕਾ
16. ਸੁਖਦੂਲ ਸਿਰਫ ਉਰਫ ਸੁੱਖਾ ਦੁਨੇਕੇ ਕੈਨੇਡਾ
17. ਗੁਰਪਿੰਦਰ ਸਿੰਘ ਉਰਫ ਬਾਬਾ ਦੱਲਾ ਕੈਨੇਡਾ
18. ਸਤਵੀਰ ਸਿੰਘ ਵੜਿੰਗ ਉਰਫ ਸੈਮ ਕੈਨੇਡਾ
19. ਲਖਬੀਰ ਸਿੰਘ ਲੰਡਾ ਕੈਨੇਡਾ
20. ਅਰਸ਼ਦੀਪ ਸਿੰਘ ਉਰਫ ਡੱਲਾ ਕੈਨੇਡਾ
21. ਚਰਨਜੀਤ ਸਿੰਘ ਉਰਫ ਰਿੰਕੂ ਬੀਹਲਾ ਕੈਨੇਡਾ
22. ਰਾਮਦੀਪ ਸਿੰਘ ਉਰਫ ਰਮਨ ਜੱਜ ਕੈਨੇਡਾ
23. ਗੌਰਵ ਪਟਿਆਲਾ ਉਰਫ ਲੱਕੀ ਪਟਿਆਲ ਅਰਮੀਨੀਆ
24. ਸੁਪਰੀਪ ਸਿੰਘ ਹੈਰੀ ਚੱਠਾ ਜਰਮਨੀ
25. ਰਮਨਜੀਤ ਸਿੰਘ ਉਰਫ ਰੋਮੀ ਹਾਂਗਕਾਂਗ
26. ਮਨਪ੍ਰੀਤ ਸਿੰਘ ਉਰਫ ਪੀਤਾ ਫਿਲੀਪੀਂਸ
27. ਗੁਰਜੰਟ ਸਿੰਘ ਜੰਟਾ ਆਸਟਰੇਲੀਆ
28. ਸੰਦੀਪ ਗਰੇਵਾਲ ਉਰਫ ਬਿੱਲਾ ਉਰਫ ਸੰਨੀ ਖਵਾਜਕੇ ਇੰਡੋਨੇਸ਼ੀਆ

# ਇਟਲੀ ਦੀ ਸੰਸਦ ਵਿੱਚ ਅੰਗਰੇਜ਼ੀ 'ਤੇ ਪਾਬੰਦੀ ਲਾਉਣ ਦਾ ਪ੍ਰਸਤਾਵ, ਵਿਦੇਸ਼ੀ ਭਾਸ਼ਾ ਵਿੱਚ ਸਰਕਾਰੀ ਕੰਮ ਕਰਨ 'ਤੇ 89 ਲੱਖ ਲੱਗੇਗਾ ਜੁਰਮਾਨਾ

ਰੋਮ, 3 ਅਪ੍ਰੈਲ (ਪੋਸਟ ਬਿਊਰੋ): ਇਟਲੀ 'ਚ ਜਲਦ ਹੀ ਸਰਕਾਰੀ ਕੰਮਾਂ ਲਈ ਅੰਗਰੇਜ਼ੀ 'ਤੇ ਪਾਬੰਦੀ ਲੱਗਣ ਜਾ ਰਹੀ ਹੈ। ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਦੀ ਪਾਰਟੀ 'ਬ੍ਰਦਰਜ਼ ਆਫ ਇਟਲੀ ਪਾਰਟੀ' ਨੇ ਸੰਸਦ 'ਚ ਅੰਗਰੇਜ਼ੀ ਸਮੇਤ ਸਾਰੀਆਂ ਵਿਦੇਸ਼ੀ ਭਾਸ਼ਾਵਾਂ ਵਿਰੁੱਧ ਬਿੱਲ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਦੀ ਉਲੰਘਣਾ ਕਰਨ 'ਤੇ 1 ਲੱਖ ਯੂਰੋ (89 ਲੱਖ 33 ਹਜ਼ਾਰ ਰੁਪਏ) ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ।

ਸੀਐਨਐਨ ਦੇ ਅਨੁਸਾਰ, ਵਿਦੇਸ਼ੀ ਭਾਸ਼ਾਵਾਂ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਰਾਜਨੇਤਾ ਫੈਬੀਓ ਰੈਂਪੇਲੀ ਦੁਆਰਾ ਇਟਲੀ ਦੇ ਚੈਂਬਰ ਆਫ ਡੈਪੂਟੀਜ਼ (ਹੇਠਲੇ ਸਦਨ) ਵਿੱਚ ਪੇਸ਼ ਕੀਤਾ ਗਿਆ ਸੀ। ਹੁਣ ਇਸ ਬਿੱਲ 'ਤੇ ਬਹਿਸ ਹੋਵੇਗੀ, ਜਿਸ ਤੋਂ ਬਾਅਦ ਵੋਟਿੰਗ ਹੋਵੇਗੀ। ਬਿੱਲ ਪੇਸ਼ ਕੀਤੇ ਜਾਣ ਤੋਂ ਇੱਕ ਦਿਨ ਪਹਿਲਾਂ ਨੂੰ ਵੀ ਅਸਥਾਈ ਤੌਰ 'ਤੇ ਇਟਲੀ ਵਿੱਚ ਪਾਬੰਦੀ



ਲਗਾਈ ਗਈ ਸੀ। ਸਰਕਾਰ ਨੇ ਡਾਟਾ ਗੋਪਨੀਯਤਾ ਦਾ ਹਵਾਲਾ ਦਿੰਦੇ ਹੋਏ ਪ੍ਰਸਿੱਧ ਚੈਟਬੋਟ 'ਤੇ ਪਾਬੰਦੀ ਲਗਾ ਦਿੱਤੀ ਸੀ।

ਜਿਵੇਂ ਕਿ, ਇਸ ਬਿੱਲ ਵਿੱਚ ਸਾਰੀਆਂ ਵਿਦੇਸ਼ੀ ਭਾਸ਼ਾਵਾਂ ਦਾ ਜ਼ਿਕਰ ਹੈ, ਪਰ ਇਸਦਾ ਧਿਆਨ ਐਂਗਲੋਮੇਨੀਆ ਉੱਤੇ ਹੈ, ਯਾਨੀ ਉਹ ਲੋਕ ਜੋ ਅੰਗਰੇਜ਼ੀ ਦੇ ਸਮਰਥਕ ਹਨ। ਬਿੱਲ ਵਿੱਚ ਕਿਹਾ ਗਿਆ ਹੈ ਕਿ ਇਟਾਲੀਅਨ ਭਾਸ਼ਾ ਨੂੰ ਨਿਰਾਦਰ ਕਰਨ ਦਾ ਕੰਮ ਇਸ ਰਾਹੀਂ ਕੀਤਾ ਜਾਂਦਾ ਹੈ। ਐਂਗਲੋਮੇਨੀਆ ਕੋਈ ਫੈਸ਼ਨ ਮੁੱਦਾ ਨਹੀਂ ਹੈ ਜੋ ਬਦਲਦਾ ਰਹਿੰਦਾ ਹੈ। ਇਸ ਦਾ ਅਸਰ ਸਮੁੱਚੇ ਸਮਾਜ 'ਤੇ ਪੈਂਦਾ ਹੈ।

ਡਰਾਫਟ ਬਿੱਲ ਦੇ ਅਨੁਸਾਰ, ਦੇਸ਼ ਵਿੱਚ ਮੌਜੂਦ ਸਾਰੀਆਂ ਵਿਦੇਸ਼ੀ ਸੰਸਥਾਵਾਂ ਕੋਲ ਇਟਾਲੀਅਨ ਭਾਸ਼ਾ ਵਿੱਚ ਨਿਯਮ ਅਤੇ ਰੁਜ਼ਗਾਰ ਸਮਝੌਤੇ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਪ੍ਰਸ਼ਾਸਨ ਲਈ ਕੰਮ ਕਰਨ ਵਾਲੇ ਹਰੇਕ ਵਿਅਕਤੀ ਨੂੰ ਇਟਾਲੀਅਨ ਭਾਸ਼ਾ ਵਿੱਚ ਪੜ੍ਹਨ-ਲਿਖਣ ਵਿੱਚ ਨਿਪੁੰਨ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਦੇਸ਼ ਵਿੱਚ ਕੰਮ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਵੀ ਸਰਕਾਰੀ ਕੰਮਕਾਜ ਲਈ ਅੰਗਰੇਜ਼ੀ ਦੀ ਵਰਤੋਂ ਨਹੀਂ ਕਰ ਸਕਣਗੀਆਂ। ਉਹਨਾਂ ਨੂੰ ਆਪਣੀ ਨੌਕਰੀ ਦੇ ਸਿਰਲੇਖ ਵੀ ਇਤਾਲਵੀ ਵਿੱਚ ਲਿਖਣੇ ਚਾਹੀਦੇ ਹਨ। ਕੰਪਨੀ ਸ਼ਾਟ ਫਾਰਮ ਵਿੱਚ ਵੀ ਅੰਗਰੇਜ਼ੀ ਦੀ ਵਰਤੋਂ ਨਹੀਂ ਕਰ ਸਕੇਗੀ। ਖਰੜੇ ਦੇ ਆਰਟੀਕਲ-2 ਅਨੁਸਾਰ ਦੇਸ਼ ਵਿੱਚ ਜਨਤਕ ਥਾਵਾਂ 'ਤੇ ਕਿਸੇ ਵੀ ਵਸਤੂ ਜਾਂ ਸੇਵਾਵਾਂ ਦੇ ਇਸ਼ਤਿਹਾਰ ਵਿੱਚ ਅੰਗਰੇਜ਼ੀ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

# ਨਿਊਯਾਰਕ ਟਾਈਮਜ਼ ਦਾ ਟਵਿੱਟਰ ਨੇ ਬਲੂ ਟਿਕ ਹਟਾਇਆ, ਐਲਨ ਮਸਕ ਨੇ ਰਿਪੋਰਟਿੰਗ ਦੀ ਕੀਤੀ ਆਲੋਚਨਾ

ਵਾਸ਼ਿੰਗਟਨ, 3 ਅਪ੍ਰੈਲ (ਪੋਸਟ ਬਿਊਰੋ): ਟਵਿਟਰ ਨੇ ਨਿਊਯਾਰਕ ਟਾਈਮਜ਼ ਦੇ ਗੋਲਡ ਵੈਰੀਫਾਈਡ ਮਾਰਕਰ ਨੂੰ ਹਟਾ ਦਿੱਤਾ ਹੈ। ਟਵਿਟਰ ਦਾ ਇਹ ਕਦਮ ਅਜਿਹੇ ਸਮੇਂ ਵਿਚ ਆਇਆ ਹੈ ਜਦੋਂ ਐਲਨ ਮਸਕ ਨੇ ਐਤਵਾਰ ਨੂੰ ਹੀ ਨਿਊਯਾਰਕ ਟਾਈਮਜ਼ ਦੀ ਆਲੋਚਨਾ ਕੀਤੀ ਅਤੇ ਇਸ ਦੀ ਰਿਪੋਰਟਿੰਗ ਨੂੰ ਪ੍ਰਾਪੇਗੰਡਾ ਕਰਾਰ ਦਿੱਤਾ। ਮਸਕ ਨੇ ਇੱਕ ਟਵੀਟ ਵਿੱਚ ਲਿਖਿਆ ਕਿ ਨਿਊਯਾਰਕ ਟਾਈਮਜ਼ ਦੀ ਅਸਲ ਸਮੱਸਿਆ ਇਹ ਹੈ ਕਿ ਇਸਦਾ ਪ੍ਰਚਾਰ ਵੀ ਦਿਲਚਸਪ ਨਹੀਂ ਹੈ। ਮਸਕ ਨੇ ਨਿਊਯਾਰਕ ਟਾਈਮਜ਼ ਦੀ ਸਮੱਗਰੀ ਦੀ ਤੁਲਨਾ ਡਾਇਰੀਆਂ ਨਾਲ ਕੀਤੀ ਅਤੇ ਕਿਹਾ ਕਿ ਇਹ ਪੜ੍ਹਨ ਯੋਗ ਵੀ ਨਹੀਂ ਹੈ।

ਤੁਹਾਨੂੰ ਦੱਸ ਦਈਏ ਕਿ ਐਲਨ ਮਸਕ ਨੇ ਪਿਛਲੇ ਸਾਲ ਟਵਿੱਟਰ ਨੂੰ ਐਕਵਾਇਰ ਕੀਤਾ ਸੀ ਅਤੇ ਇਸ ਤੋਂ ਬਾਅਦ ਉਨ੍ਹਾਂ ਨੇ ਟਵਿਟਰ ਦੇ ਵੈਰੀਫਾਈਡ ਅਕਾਊਂਟ ਲਈ ਬਲੂ ਟਿਕ ਦੇਣ ਲਈ ਚਾਰਜ ਲੈਣ ਦਾ ਐਲਾਨ ਕੀਤਾ ਸੀ। ਮਸਕ ਦੇ ਐਲਾਨ ਮੁਤਾਬਕ 1 ਅਪ੍ਰੈਲ ਤੋਂ ਤਸਦੀਕ ਖਾਤੇ ਵਿਚੋਂ ਤੈਅ ਰਕਮ ਲਈ ਜਾਣੀ ਸ਼ੁਰੂ ਹੋ ਗਈ ਹੈ। ਮਸਕ ਦੀ ਇਸ ਯੋਜਨਾ ਤਹਿਤ ਨਿਊਯਾਰਕ ਟਾਈਮਜ਼ ਦੇ ਬਲੂ ਟਿੱਕ ਨੂੰ ਹਟਾ ਦਿੱਤਾ ਗਿਆ ਹੈ ਅਤੇ ਉਸ ਨੂੰ ਪ੍ਰਮਾਣਿਤ ਕਾਰੋਬਾਰੀ ਖਾਤੇ ਦੇ ਨਾਲ ਗੋਲ੍ਡ ਟਿੱਕ ਦਿੱਤਾ ਗਿਆ ਸੀ।

ਹੁਣ ਜਦੋਂ ਕਿ ਨਿਊਯਾਰਕ ਟਾਈਮਜ਼ ਦਾ ਗੋਲਡ ਟਿੱਕ ਵੀ ਹਟਾ ਦਿੱਤਾ ਗਿਆ ਹੈ, ਇਸ ਨੂੰ ਗੋਲਡ ਟਿੱਕ ਵਾਪਸ ਲੈਣ ਲਈ ਮਹੀਨਾਵਾਰ $1000 ਦਾ ਭੁਗਤਾਨ ਕਰਨਾ ਪਵੇਗਾ। ਇਸ ਦੇ ਨਾਲ ਹੀ, ਹੋਰ ਸੰਬੰਧਿਤ ਖਾਤਿਆਂ ਲਈ, ਤੁਹਾਨੂੰ ਪ੍ਰਤੀ ਮਹੀਨਾ $ 50-50 ਦਾ ਭੁਗਤਾਨ ਕਰਨਾ ਹੋਵੇਗਾ। ਦੂਜੇ ਪਾਸੇ ਨਿਊਯਾਰਕ ਟਾਈਮਜ਼ ਦਾ ਕਹਿਣਾ ਹੈ ਕਿ ਉਹ ਪ੍ਰਮਾਣਿਤ ਕਾਰੋਬਾਰੀ ਖਾਤੇ ਲਈ ਭੁਗਤਾਨ ਨਹੀਂ ਕਰੇਗਾ ਅਤੇ ਆਪਣੇ ਪੱਤਰਕਾਰਾਂ ਲਈ ਬਲੂ ਟਿੱਕ ਸਬਸਕ੍ਰਿਪਸ਼ਨ ਹੀ ਲਵੇਗਾ ਕਿਉਂਕਿ ਇਹ ਉਨ੍ਹਾਂ ਦੇ ਕੰਮ ਲਈ ਜ਼ਰੂਰੀ ਹੈ।

# ਪੁਲਿਸ ਮੁਕਾਬਲੇ ਦੌਰਾਨ ਦੋ ਨਕਸਲੀ ਕਮਾਂਡਰ ਸਮੇਤ ਪੰਜ ਢੇਰ, ਹਥਿਆਰ ਅਤੇ ਗੋਲਾ ਬਾਰੂਦ ਬਰਾਮਦ



ਚਤਰਾ, 3 ਅਪ੍ਰੈਲ (ਪੋਸਟ ਬਿਊਰੋ): ਝਾਰਖੰਡ ਪੁਲਿਸ ਨੂੰ ਸੋਮਵਾਰ ਨੂੰ ਵੱਡੀ ਕਾਮਯਾਬੀ ਮਿਲੀ ਹੈ। ਦਰਅਸਲ ਪੁਲਿਸ ਨਾਲ ਮੁੱਠਭੇੜ ਵਿੱਚ ਪੰਜ ਨਕਸਲੀਆਂ ਮਾਰੇ ਗਏ ਹਨ। ਮੁਕਾਬਲੇ 'ਚ ਮਾਰੇ ਗਏ ਨਕਸਲੀਆਂ 'ਚ ਦੋ ਚੋਟੀ ਦੇ ਕਮਾਂਡਰ ਹਨ, ਜਿਨ੍ਹਾਂ 'ਤੇ 25-25 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਇਹ ਮੁਕਾਬਲਾ ਝਾਰਖੰਡ ਦੇ ਚਤਰਾ ਵਿੱਚ ਹੋਇਆ। ਮਾਰੇ ਗਏ ਨਕਸਲੀਆਂ ਕੋਲੋਂ ਦੋ ਏਕੇ-47 ਵੀ ਬਰਾਮਦ ਹੋਏ ਹਨ। ਪੁਲਿਸ ਨੇ ਦੱਸਿਆ ਕਿ ਮੁਕਾਬਲੇ 'ਚ ਮਾਰੇ ਗਏ ਚੋਟੀ ਦੇ ਕਮਾਂਡਰ ਤੋਂ ਇਲਾਵਾ ਬਾਕੀ ਤਿੰਨਾਂ 'ਤੇ ਪੰਜ-ਪੰਜ ਲੱਖ ਦਾ ਇਨਾਮ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਕਾਬਲੇ ਵਿੱਚ ਮਾਰੇ ਗਏ ਨਕਸਲੀਆਂ ਵਿੱਚ ਗੌਤਮ ਪਾਸਵਾਨ ਅਤੇ ਚਾਰਲੀ ਵੀ ਸ਼ਾਮਲ ਹਨ। ਦੋਵੇਂ ਦੇ ਮੈਂਬਰ ਦੱਸੇ ਜਾ ਰਹੇ ਹਨ। ਦੋਵਾਂ 'ਤੇ 25-25 ਲੱਖ ਦਾ ਇਨਾਮ ਐਲਾਨਿਆ ਗਿਆ ਸੀ।

ਇਸ ਤੋਂ ਪਹਿਲਾਂ ਐਤਵਾਰ ਨੂੰ ਪੁਲਿਸ ਅਤੇ ਡੀਆਰਜੀ ਦੀ ਸਾਂਝੀ ਟੀਮ ਨੇ ਨਕਸਲ ਪ੍ਰਭਾਵਿਤ ਕਾਂਕੇਰ ਜ਼ਿਲ੍ਹੇ ਤੋਂ ਤਿੰਨ ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਅੰਤਾਗੜ੍ਹ ਦੇ ਵਧੀਕ ਪੁਲਿਸ ਸੁਪਰਡੈਂਟ ਖੋਮਨ ਸਿਨਹਾ ਨੇ ਕਿਹਾ ਕਿ ਸਾਨੂੰ ਨਕਸਲੀਆਂ ਬਾਰੇ ਖੁਫ਼ੀਆ ਸੂਚਨਾ ਮਿਲੀ ਸੀ। ਜਿਸ 'ਤੇ ਕਾਰਵਾਈ ਕਰਦਿਆਂ ਸਾਂਝੀ ਟੀਮ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਿਸ 'ਚ ਕੋਯਾਲੀਬੇੜਾ ਥਾਣਾ ਖੇਤਰ ਦੇ ਜੰਗਲਾਂ 'ਚ ਤਿੰਨ ਨਕਸਲੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

# ਰੂਸ ਦੇ ਕੈਫੇ ਵਿੱਚ ਬਲਾਸਟ, ਮਸ਼ਹੂਰ ਮਿਲਿਟਰੀ ਬਲਾਗਰ ਦੀ ਮੌਤ, ਖਾਣੇ ਵਾਲੇ ਦੇ ਬਾਕਸ ਵਿੱਚ ਸੀ ਵਿਸਫੋਟਕ ਪਦਾਰਥ



ਸੇਂਟ ਪੀਟਰਸਬਰਗ, 3 ਅਪ੍ਰੈਲ (ਪੋਸਟ ਬਿਊਰੋ): ਰੂਸ ਦੇ ਸ਼ਹਿਰ ਸੇਂਟ ਪੀਟਰਸਬਰਗ 'ਚ ਐਤਵਾਰ ਨੂੰ ਇਕ ਕੈਫੇ 'ਚ ਹੋਏ ਧਮਾਕੇ ਵਿਚ ਇਕ ਪ੍ਰਸਿੱਧ ਫ਼ੌਜੀ ਬਲਾਗਰ ਦੀ ਮੌਤ ਹੋ ਗਈ ਅਤੇ 15 ਲੋਕ ਜ਼ਖ਼ਮੀ ਹੋ ਗਏ। ਰੂਸੀ ਮੀਡੀਆ ਖ਼ਬਰਾਂ 'ਚ ਕਿਹਾ ਗਿਆ ਹੈ ਕਿ ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਸੇਂਟ ਪੀਟਰਸਬਰਗ ਵਿਚ ਇਕ "ਸਟ੍ਰੀਟ ਬਾਰ" ਕੈਫੇ ਵਿਚ ਹੋਏ ਧਮਾਕੇ 'ਚ ਬਲਾਗਰ ਵਲਾਦਲੇਨ ਤਾਤਾਰਸਕੀ ਦੀ ਮੌਤ ਹੋ ਗਈ ਅਤੇ 15 ਲੋਕ ਜ਼ਖ਼ਮੀ ਹੋ ਗਏ। ਖ਼ਬਰਾਂ ਦੇ ਅਨੁਸਾਰ ਕੈਫੇ 'ਚ ਵਿਜ਼ਟਰ ਵੱਲੋਂ ਲਿਜਾਏ ਗਏ 'ਵਿਸਫੋਟਕ ਯੰਤਰ' ਨਾਲ ਧਮਾਕੇ ਦਾ ਦਾਅਵਾ ਕੀਤਾ ਗਿਆ ਹੈ।

ਰੂਸੀ ਮੀਡੀਆ ਅਤੇ ਫ਼ੌਜੀ ਬਲਾਗਰਾਂ ਨੇ ਕਿਹਾ ਹੈ ਕਿ ਤਾਤਾਰਸਕੀ ਲੋਕਾਂ ਨੂੰ ਮਿਲ ਰਹੇ ਸਨ ਅਤੇ ਇਕ ਔਰਤ ਨੇ ਉਸ ਨੂੰ ਇਕ ਬਾਕਸ ਭੇਟ ਕੀਤਾ, ਜਿਸ ਵਿਚ ਖਾਣਾ ਨਹੀਂ ਬਲਕਿ ਇਕ ਛੋਟਾ ਬੁੱਤ ਸੀ, ਜਿਸ 'ਚ ਧਮਾਕਾ ਹੋ ਗਿਆ। ਧਮਾਕੇ 'ਚ ਇਮਾਰਤ ਦਾ ਇਕ ਹਿੱਸਾ ਨੁਕਸਾਨਿਆ ਗਿਆ। ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਰੂਸ 'ਚ ਗੋਲ਼ੀਬਾਰੀ ਅਤੇ ਧਮਾਕਿਆਂ ਦੀਆਂ ਕਈ ਘਟਨਾਵਾਂ ਹੋਈਆਂ ਹਨ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਨ੍ਹਾਂ ਘਟਨਾਵਾਂ 'ਚ ਕਿਸ ਦੀ ਸ਼ਮੂਲੀਅਤ ਸੀ।

# ਰੇਲ ਕਿਰਾਏ ਵਿਚ ਬਜ਼ੁਰਗਾਂ ਨੂੰ ਛੋਟ ਬਹਾਲ ਕਰਨ ਲਈ ਕੇਜਰੀਵਾਲ ਨੇ ਮੋਦੀ ਨੂੰ ਲਿਖੀ ਚਿੱਠੀ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ): ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੀਐੱਮ ਮੋਦੀ ਨੂੰ ਰੇਲਵੇ ਵਿੱਚ ਬਜ਼ੁਰਗਾਂ ਨੂੰ ਛੋਟ ਦੇਣ ਲਈ ਇਕ ਪੱਤਰ ਭੇਜਿਆ ਹੈ ਅਤੇ ਇਸ ਪੱਤਰ ਰਾਹੀਂ ਉਨ੍ਹਾਂ ਪ੍ਰਧਾਨ ਮੰਤਰੀ 'ਤੇ ਵੀ ਨਿਸ਼ਾਨਾ ਵਿੰਨ੍ਹਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਲਿਖਿਆ ਹੈ ਕਿ ਬਜ਼ੁਰਗਾਂ ਦੀ ਛੋਟ ਨੂੰ ਖਤਮ ਕਰਨਾ ਬਹੁਤ ਮੰਦਭਾਗਾ ਹੈ ਕਿਉਂਕਿ ਬਜ਼ੁਰਗਾਂ ਦੇ ਆਸ਼ੀਰਵਾਦ ਤੋਂ ਬਿਨਾਂ ਦੇਸ਼ ਤਰੱਕੀ ਨਹੀਂ ਕਰ ਸਕਦਾ।

ਰੇਲਵੇ ਕਿਰਾਏ 'ਚ ਸੀਨੀਅਰ ਸਿਟੀਜ਼ਨਜ਼ ਨੂੰ ਦਿੱਤੀ ਜਾਣ ਵਾਲੀ ਰਿਆਇਤ ਨੂੰ ਖਤਮ ਕੀਤੇ ਕਾਫੀ ਸਮਾਂ ਹੋ ਗਿਆ ਹੈ, ਅਜਿਹੇ 'ਚ ਸੀਨੀਅਰ ਸਿਟੀਜ਼ਨਜ਼ ਨੂੰ ਫਿਰ ਤੋਂ ਰਿਆਇਤ ਦੇਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਹੁਣ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਆਪਣੇ ਪੱਤਰ ਵਿੱਚ ਪ੍ਰਧਾਨ ਮੰਤਰੀ ਨੂੰ ਇਸ ਨੂੰ ਮੁੜ ਬਹਾਲ ਕਰਨ ਦੀ ਅਪੀਲ ਕੀਤੀ ਹੈ। ਅਸੀਂ ਬਜ਼ੁਰਗਾਂ ਲਈ ਮੁਫਤ ਤੀਰਥ ਯਾਤਰਾ ਕਰਦੇ ਹਾਂ। 1600 ਕਰੋੜ ਬਚਾਉਣ ਲਈ ਬਜੁਰਗਾਂ ਦੀ ਛੋਟ ਨੂੰ ਖਤਮ ਕਰਨਾ ਗਲਤ ਹੈ।




ੴ

ਸੰਤ ਬਾਬਾ ਸੰਤ ਰਾਮ ਜੀ ਦੀ ਸਾਲਾਨਾ ਬਰਸੀ ਦੇ ਸੰਬੰਧ ਵਿਚ 7 ਅਪ੍ਰੈਲ ਤੋਂ 9 ਅਪ੍ਰੈਲ ਤੱਕ ਹੋਣਗੇ ਸਮਾਗਮ

ਸੰਤ ਸਮਾਗਮ

ਪਿੰਡ ਚੀਮਨਾ ਦੇ ਸਮੂੰਹ ਨਗਰ ਅਤੇ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਸੰਤ ਰਾਮ ਜੀ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 7 ਅਪ੍ਰੈਲ ਤੋਂ 9 ਅਪ੍ਰੈਲ 2023 ਨੂੰ ਸ੍ਰੀ ਗੁਰ ਨਾਨਕ ਸਿੱਖ ਸੈਂਟਰ, 99 ਗਲੀਡਨ ਰੋਡ, ਬਰੈਂਪਟਨ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਅਤੇ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਮਾਗਮ ਵਿਚ ਹਾਜ਼ਿਰ ਹੋ ਕੇ ਲਾਹਾ ਲੈਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਆਖੰਡ ਪਾਠ ਸਾਹਿਬ

ਮਿਤੀ 7 ਅਪਰੈਲ 2023 ਦਿਨ ਸ਼ੁਕਰਵਾਰ ਸਵੇਰੇ 9 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ

ਮਿਤੀ 9 ਅਪ੍ਰੈਲ 2023 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਕੀਰਤਨ, ਕਥਾ ਅਤੇ ਢਾਡੀ ਦਰਬਾਰ ਹੋਵੇਗਾ

ਗੁਰੂ ਕਾ ਲੰਗਰ ਅਤੁਟ ਵਰਤੇਗਾ ਜੀ


# ਦੇਸ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਸੀ.ਬੀ.ਆਈ. ਦੀ ਜ਼ਿੰਮੇਵਾਰੀ: ਪ੍ਰਧਾਨ ਮੰਤਰੀ ਮੋਦੀ

* ਭ੍ਰਿਸ਼ਟਾਚਾਰ ਲੋਕਤੰਤਰ ਅਤੇ ਇਨਸਾਫ਼ ਲਈ ਸਭ ਤੋਂ ਵੱਡੀ ਰੁਕਾਵਟ



ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਦੇ ਡਾਇਮੰਡ ਜੁਬਲੀ ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਸ਼ਿਲਾਂਗ, ਪੁਣੇ ਅਤੇ ਨਾਗਪੁਰ ਵਿੱਚ ਸੀਬੀਆਈ ਦੇ ਨਵੇਂ ਬਣੇ ਦਫ਼ਤਰ ਕੰਪਲੈਕਸਾਂ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਨਵੇਂ ਦਫ਼ਤਰ ਖੋਲ੍ਹਣ ਨਾਲ ਸੀਬੀਆਈ ਦੇ ਕੰਮਕਾਜ ਵਿੱਚ ਹੋਰ ਮੱਦਦ ਮਿਲੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੀਬੀਆਈ ਜਾਂਚ ਦੀ ਮੰਗ ਲਈ ਅੰਦੋਲਨ ਵੀ ਕੀਤੇ ਜਾਂਦੇ ਹਨ, ਲੋਕ ਕਹਿੰਦੇ ਹਨ ਕਿ ਮਾਮਲਾ ਸੀਬੀਆਈ ਨੂੰ ਸੌਂਪ ਦਿਓ। ਸੀ.ਬੀ.ਆਈ. ਦਾ ਨਾਮ ਨਿਆਂ ਅਤੇ ਨਿਆਂ ਦੇ ਦਾਗ ਵਜੋਂ ਹਰ ਕਿਸੇ ਦੇ ਬੁੱਲ੍ਹਾਂ 'ਤੇ ਹੈ। ਜਿਸ ਨੇ ਵੀ ਸੀਬੀਆਈ ਵਿੱਚ ਯੋਗਦਾਨ ਪਾਇਆ ਉਹ ਵਧਾਈ ਦਾ ਹੱਕਦਾਰ ਹੈ।

ਇਸ ਦੌਰਾਨ ਪੀਐਮ ਮੋਦੀ ਨੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸੀਬੀਆਈ ਦੀ ਮੁੱਖ ਜ਼ਿੰਮੇਵਾਰੀ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਹੈ। ਭ੍ਰਿਸ਼ਟਾਚਾਰ ਕੋਈ ਆਮ ਅਪਰਾਧ ਨਹੀਂ ਹੈ। ਭ੍ਰਿਸ਼ਟਾਚਾਰ ਗਰੀਬਾਂ ਦੇ ਹੱਕ ਖੋਹ ਲੈਂਦਾ ਹੈ ਅਤੇ ਕਈ ਅਪਰਾਧਾਂ ਨੂੰ ਜਨਮ ਦਿੰਦਾ ਹੈ। ਲੋਕਤੰਤਰ ਅਤੇ ਨਿਆਂ ਦੇ ਰਾਹ ਵਿੱਚ ਭ੍ਰਿਸ਼ਟਾਚਾਰ ਸਭ ਤੋਂ ਵੱਡਾ ਰੋੜਾ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਈ-ਭਤੀਜਾਵਾਦ ਅਤੇ ਪਰਿਵਾਰਵਾਦ ਵਧਦਾ ਹੈ ਤਾਂ ਸਮਾਜ ਅਤੇ ਦੇਸ਼ ਦੀ ਤਾਕਤ ਘਟਦੀ ਹੈ। ਜਦੋਂ ਕੌਮ ਦੀ ਸਮਰੱਥਾ ਘੱਟ ਹੁੰਦੀ ਹੈ ਤਾਂ ਵਿਕਾਸ ਪ੍ਰਭਾਵਿਤ ਹੁੰਦਾ ਹੈ।

ਪੀਐੱਮ ਮੋਦੀ ਨੇ ਅੱਗੇ ਕਿਹਾ ਕਿ ਸੀਬੀਆਈ ਨੇ ਦੇਸ਼ ਦੀ ਪ੍ਰੀਮੀਅਮ ਜਾਂਚ ਏਜੰਸੀ ਵਜੋਂ 60 ਸਾਲਾਂ ਦਾ ਸਫ਼ਰ ਪੂਰਾ ਕੀਤਾ ਹੈ। ਇਹ 6 ਦਹਾਕੇ ਯਕੀਨੀ ਤੌਰ 'ਤੇ ਪ੍ਰਾਪਤੀਆਂ ਨਾਲ ਭਰਪੂਰ ਰਹੇ ਹਨ। ਅੱਜ ਇੱਥੇ ਸੀਬੀਆਈ ਕੇਸਾਂ ਨਾਲ ਸਬੰਧਤ ਸੁਪਰੀਮ ਕੋਰਟ ਦਾ ਆਰਕਾਈਵ ਵੀ ਜਾਰੀ ਕੀਤਾ ਗਿਆ ਹੈ। ਇਹ ਸੀਬੀਆਈ ਦੇ ਸਾਲਾਂ ਦੇ ਸਫ਼ਰ ਨੂੰ ਦਰਸਾਉਂਦਾ ਹੈ। ਪੀਐਮ ਨੇ ਕਿਹਾ ਕਿ ਲੋਕ ਉਨ੍ਹਾਂ ਤੋਂ ਕੇਸ ਲੈ ਕੇ ਸੀਬੀਆਈ ਨੂੰ ਸੌਂਪਣ ਲਈ ਅੰਦੋਲਨ ਕਰਦੇ ਹਨ। ਪੰਚਾਇਤ ਪੱਧਰ 'ਤੇ ਵੀ ਜਦੋਂ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਲੋਕ ਕਹਿੰਦੇ ਹਨ ਕਿ ਇਸ ਨੂੰ ਸੀਬੀਆਈ ਹਵਾਲੇ ਕੀਤਾ ਜਾਵੇ। ਸੀ.ਬੀ.ਆਈ. ਹਰ ਜ਼ੁਬਾਨ 'ਤੇ ਇਨਸਾਫ਼ ਦਾ ਦਾਗ ਬਣ ਕੇ ਹੈ।

# ਫਿਨਲੈਂਡ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ ਓਰਪੋ, ਚੋਣਾਂ ਵਿਚ ਪ੍ਰਧਾਨ ਮੰਤਰੀ ਸਨਾ ਮੈਰਿਨ ਦੀ ਪਾਰਟੀ ਹਾਰੀ




ਹੇਲਸਿੰਕੀ, 3 ਅਪ੍ਰੈਲ (ਪੋਸਟ ਬਿਊਰੋ): ਫਿਨਲੈਂਡ ਦੀਆਂ ਸੰਸਦੀ ਚੋਣਾਂ ਦੇ ਨਤੀਜੇ ਆ ਗਏ ਹਨ। ਉੱਥੇ ਦੱਖਣਪੰਥੀ ਪਾਰਟੀ ਦੇ ਗਠਜੋੜ ਨੇ ਜਿੱਤ ਹਾਸਲ ਕੀਤੀ ਹੈ। ਨੈਸ਼ਨਲ ਕੋਇਲਿਸ਼ਨ ਪਾਰਟੀ ਨੂੰ ਐਤਵਾਰ ਨੂੰ ਹੋਈ ਵੋਟ ਗਿਣਤੀ ਵਿੱਚ ਸਭ ਤੋਂ ਵੱਧ 20.8% ਵੋਟਾਂ ਮਿਲੀਆਂ। ਫਿਨਲੈਂਡ ਦੀ ਦੱਖਣਪੰਥੀ ਲੋਕਪ੍ਰਿਅ ਪਾਰਟੀ ਦਿ ਫਿਨਸ ਦੂਜੇ ਨੰਬਰ 'ਤੇ ਹੈ, ਜਦੋਂ ਕਿ ਪ੍ਰਧਾਨ ਮੰਤਰੀ ਸਨਾ ਮੈਰਿਨ ਦੀ ਸੋਸ਼ਲ ਡੈਮੋਕਰੇਟਸ 19.9% ਵੋਟਾਂ ਨਾਲ ਤੀਜੇ ਨੰਬਰ 'ਤੇ ਰਹੀ ਹੈ।

ਨਤੀਜਿਆਂ ਤੋਂ ਬਾਅਦ ਹਾਰ ਸਵੀਕਾਰ ਕਰਦੇ ਹੋਏ ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮੈਰਿਨ ਨੇ ਗਠਜੋੜ ਸਰਕਾਰ ਬਣਾਉਣ ਵਾਲੀ ਨੈਸ਼ਨਲ ਕੋਇਲਿਸ਼ਨ ਪਾਰਟੀ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਲੋਕਤੰਤਰ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ। ਦਰਅਸਲ, ਸਨਾ ਮੈਰਿਨ ਨਾ ਸਿਰਫ ਫਿਨਲੈਂਡ ਦੀ, ਸਗੋਂ ਪੂਰੇ ਯੂਰਪ ਦੀ ਪ੍ਰਧਾਨ ਮੰਤਰੀ ਬਣਨ ਵਾਲੀ ਸਭ ਤੋਂ ਛੋਟੀ ਉਮਰ ਦੀ ਨੇਤਾ ਹੈ।

ਪਿਛਲੇ ਸਾਲ ਅਗਸਤ ਵਿੱਚ ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮੈਰਿਨ ਦਾ ਇੱਕ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਸੀ। ਇਸ 'ਚ ਉਹ ਕਥਿਤ ਸ਼ਰਾਬ ਪੀ ਕੇ ਆਪਣੇ ਦੋਸਤਾਂ ਨਾਲ ਡਾਂਸ ਕਰਦੀ ਨਜ਼ਰ ਆ ਰਹੀ ਸੀ। ਵਿਰੋਧੀ ਧਿਰ ਦੇ ਨੇਤਾਵਾਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਸਨਾ ਮੈਰਿਨ ਨੇ ਦੋਸਤਾਂ ਨਾਲ ਇਕ ਪਾਰਟੀ ਵਿਚ ਨਸ਼ੀਲੇ ਪਦਾਰਥ ਲਏ ਸਨ। ਉਸ ਨੂੰ ਡਰੱਗ ਟੈਸਟ ਲਈ ਵੀ ਕਿਹਾ ਗਿਆ ਸੀ। ਹਾਲਾਂਕਿ ਮੈਰਿਨ ਨੇ ਸਪੱਸ਼ਟ ਕੀਤਾ ਕਿ ਉਸ ਨੇ ਪਾਰਟੀ 'ਚ ਸਿਰਫ ਸ਼ਰਾਬ ਪੀਤੀ ਸੀ, ਪਰ ਡਰੱਗ ਦਾ ਸੇਵਨ ਨਹੀਂ ਕੀਤਾ ਸੀ। ਉਸ ਦਾ ਡਰੱਗ ਟੈਸਟ ਬਾਅਦ ਵਿੱਚ ਨੈਗੇਟਿਵ ਆਇਆ।

# ਫਰਾਂਸ ਦੀ ਮੰਤਰੀ ਪਲੇਬੁਆਏ ਮੈਗਜ਼ੀਨ ਦੇ ਕਵਰ 'ਤੇ ਦਿੱਤੀ ਦਿਖਾਈ ਦਿੱਤੀ, ਸਮਲਿੰਗੀ ਅਤੇ ਔਰਤਾਂ ਦੇ ਅਧਿਕਾਰਾਂ 'ਤੇ 12 ਪੰਨਿਆਂ ਦੀ ਦਿੱਤੀ ਇੰਟਰਵਿਊ

ਪੈਰਿਸ, 3 ਅਪ੍ਰੈਲ (ਪੋਸਟ ਬਿਊਰੋ): ਫਰਾਂਸ ਸਰਕਾਰ ਵਿੱਚ ਸਮਾਜਿਕ ਆਰਥਿਕਤਾ ਨੂੰ ਸੰਭਾਲਣ ਵਾਲੇ ਮੰਤਰੀ ਨੇ ਇੱਕ ਮੈਗਜ਼ੀਨ ਦੇ ਕਵਰ 'ਤੇ ਆ ਕੇ ਨਾ ਸਿਰਫ਼ ਆਪਣੀ ਸਰਕਾਰ ਨੂੰ ਸਗੋਂ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਦਰਅਸਲ, 40 ਸਾਲਾ ਮਾਰਲੇਨ ਸ਼ਿਅੱਪਾ ਨਾਂ ਦੀ ਮੰਤਰੀ ਪਲੇਅ ਬੁਆਏ ਮੈਗਜ਼ੀਨ ਦੇ ਕਵਰ 'ਤੇ ਨਜ਼ਰ ਆਈ ਹੈ।

ਇਹ ਮੈਗਜ਼ੀਨ ਔਰਤਾਂ ਨੂੰ ਜਿਨਸੀ ਵਸਤੂ ਵਜੋਂ ਪੇਸ਼ ਕਰਨ ਲਈ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਇਸ ਮੈਗਜ਼ੀਨ ਦੇ ਕਵਰ 'ਤੇ ਆਉਣ ਅਤੇ ਇਸ ਲਈ ਫੋਟੋਸ਼ੂਟ ਕਰਵਾਉਣ ਲਈ ਫਰਾਂਸ 'ਚ ਉਸ ਨੂੰ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਥੇ ਪ੍ਰਧਾਨ ਮੰਤਰੀ ਐਲਿਜ਼ਾਬੇਥ ਬੋਰਨ ਅਤੇ ਹੋਰ ਮੰਤਰੀਆਂ ਨੇ ਇਸ ਨੂੰ ਸ਼ਰਮਨਾਕ ਕਾਰਾ ਦੱਸਿਆ ਹੈ।

ਪਲੇਬੁਆਏ ਮੈਗਜ਼ੀਨ ਦੇ ਕਵਰ 'ਤੇ ਆਉਣ ਤੋਂ ਇਲਾਵਾ, ਮੰਤਰੀ ਮਾਰਲੇਨ ਨੇ ਸਮਲਿੰਗੀ ਅਤੇ ਔਰਤਾਂ ਦੇ ਅਧਿਕਾਰਾਂ 'ਤੇ 12 ਪੰਨਿਆਂ ਦਾ ਇੰਟਰਵਿਊ ਵੀ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਪਲੇਬੁਆਏ ਮੈਗਜ਼ੀਨ ਦਾ ਕਵਰ ਸ਼ੇਅਰ ਕਰਦੇ ਹੋਏ ਮਾਰਲੀਨ ਨੇ ਲਿਖਿਆ- ਔਰਤਾਂ ਨੂੰ ਆਪਣੇ ਸਰੀਰ 'ਤੇ ਪੂਰਾ ਅਧਿਕਾਰ ਹੈ, ਉਹ ਆਪਣੇ ਸਰੀਰ ਨਾਲ ਜੋ ਚਾਹੁਣ ਕਰਨ ਲਈ ਆਜ਼ਾਦ ਹਨ।

ਪਲੇਅਬੁਆਏ ਮੈਗਜ਼ੀਨ ਦੇ ਕਵਰ 'ਤੇ ਆਉਣ ਦੇ ਮਾਮਲੇ 'ਚ ਆਪਣਾ ਬਚਾਅ ਕਰਦੇ ਹੋਏ ਉਸ ਨੇ ਲਿਖਿਆ ਕਿ ਫਰਾਂਸ 'ਚ ਔਰਤਾਂ ਆਜ਼ਾਦ ਹਨ, ਜੇਕਰ ਪਛੜੀ ਸੋਚ ਵਾਲੇ ਲੋਕਾਂ ਨੂੰ ਇਸ ਨਾਲ ਕੋਈ ਸਮੱਸਿਆ ਹੈ ਤਾਂ ਜਾਰੀ ਰੱਖੋ।

ਫਰਾਂਸ 'ਚ ਸੇਵਾਮੁਕਤੀ ਦੀ ਉਮਰ ਵਧਾਉਣ ਦੇ ਖਿਲਾਫ ਕਈ ਹਫਤਿਆਂ ਤੋਂ ਹਿੰਸਕ ਪ੍ਰਦਰਸ਼ਨ ਹੋ ਰਹੇ ਹਨ। ਇਸ ਦੌਰਾਨ ਪਲੇਬੁਆਏ ਵਰਗੇ ਮੈਗਜ਼ੀਨ ਲਈ ਸਰਕਾਰ ਦੇ ਮੰਤਰੀ ਦਾ ਫੋਟੋਸ਼ੂਟ ਸਾਰਿਆਂ ਨੂੰ ਪਰੇਸ਼ਾਨ ਕਰ ਰਿਹਾ ਹੈ। ਵਿਰੋਧੀ ਪਾਰਟੀ ਦੇ ਨੇਤਾ ਨੇ ਕਿਹਾ ਕਿ ਮਾਰਲੇਨ ਦੇ ਇਸ ਕਦਮ ਨੇ ਫਰਾਂਸ ਦੇ ਲੋਕਾਂ ਦੇ ਸਨਮਾਨ ਨੂੰ ਠੇਸ ਪਹੁੰਚਾਈ ਹੈ। ਲੋਕ ਸੜਕਾਂ 'ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ, ਮਹਿੰਗਾਈ ਕਾਰਨ ਉਨ੍ਹਾਂ ਲਈ ਰੋਟੀ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਰਿਹਾ ਹੈ। ਇਸ ਸਭ ਦੇ ਵਿਚਕਾਰ ਮੰਤਰੀ ਦੀਆਂ ਇਹ ਹਰਕਤਾਂ ਹੋ ਰਹੀਆਂ ਹਨ।

ਇਸ ਦੇ ਨਾਲ ਹੀ ਪਲੇਅਬੁਆਏ ਮੈਗਜ਼ੀਨ ਨੇ ਮਾਰਲੀਨ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਰੇ ਮੰਤਰੀਆਂ ਵਿੱਚੋਂ ਮਾਰਲੀਨ ਪਲੇਅਬੁਆਏ ਦੇ ਕਵਰ 'ਤੇ ਆਉਣ ਲਈ ਸਭ ਤੋਂ ਵਧੀਆ ਸੀ। ਉਹ ਲੰਬੇ ਸਮੇਂ ਤੋਂ ਔਰਤਾਂ ਦੇ ਅਧਿਕਾਰਾਂ ਲਈ ਕੰਮ ਕਰ ਰਹੀ ਹੈ। ਪਲੇਅਬੁਆਏ ਮੈਗਜ਼ੀਨ ਸਾਫਟ ਪੋਰਨ ਨਹੀਂ ਹੈ, ਇਹ ਔਰਤਾਂ ਦੇ ਅਧਿਕਾਰਾਂ ਦੀ ਆਵਾਜ਼ ਬਣ ਸਕਦੀ ਹੈ।

ਜ਼ਿਕਰਯੋਗ ਹੈ ਕਿ ਫਰਾਂਸ 'ਚ ਸਰਕਾਰ ਨੇ ਸੇਵਾਮੁਕਤੀ ਦੀ ਉਮਰ ਵਧਾ ਦਿੱਤੀ ਹੈ, ਜਿਸ ਦੇ ਖਿਲਾਫ ਪਿਛਲੇ 3 ਮਹੀਨਿਆਂ ਤੋਂ ਦੇਸ਼ ਭਰ 'ਚ ਵਿਆਪਕ ਪ੍ਰਦਰਸ਼ਨ ਹੋ ਰਹੇ ਹਨ। ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਵਿਰੋਧੀ ਧਿਰ ਦੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ 'ਚ ਉਨ੍ਹਾਂ ਦੇ ਮੰਤਰੀ ਵੱਲੋਂ 'ਪਲੇਬੁਆਏ' 'ਚ ਤਸਵੀਰਾਂ ਪ੍ਰਕਾਸ਼ਿਤ ਕਰਨਾ ਉਨ੍ਹਾਂ ਦੀ ਸਰਕਾਰ ਲਈ ਹੋਰ ਮੁਸੀਬਤ ਖੜ੍ਹੀ ਕਰ ਦਿੱਤਾ ਹੈ।


REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799*upto 100% Deductible Paid*

Specialization In:

★ All Kinds of Body Work

★ Auto Glass Windshield

★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience

OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

# 416-371-7777

e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਉਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**




ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਉਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232

JAG AUJLA
MCNE, Real Estate Broker
416-371-7777
NOT INTENDED TO SOLICIT BUYERS OR SELLERS CURRENTLY UNDER CONTRACT

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਊਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017